ਸੈਂਟਰ ਫ਼ਾਰ ਡਿਸਟੈਂਸ ਐਂਡ ਆਨਲਾਈਨ ਐਜੂਕੇਸ਼ਨ
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਕਲਾਸ : ਬੀ. ਏ. ਭਾਗ ਪਹਿਲਾ | ਸਮੈਸਟਰ ਪਹਿਲਾ

ਪੇਪਰ : ਸਮਾਜ ਵਿਗਿਆਨ | ਯੂਨਿਟ : 2

ਮੀਡੀਅਮ : ਪੰਜਾਬੀ

ਪਾਠ ਨੰ.

2.1 : ਸਮਾਜੀਕਰਨ

2.2 : ਆਪੇ ਦਾ ਵਿਕਾਸ : ਕੂਲੇ, ਫਰੌਇਡ ਅਤੇ ਮੀਡ

2.3 : ਸਭਿਆਚਾਰ (Culture)

2.4 : ਸੰਸਕ੍ਰਿਤਿਕ ਪਛੜੇਵਾਂ (Cultural Lag)

2.5 : ਸੰਸਕ੍ਰਿਤੀ ਅਤੇ ਸਭਿਅਤਾ (Cultural and Civilization)

website : www.pbidde.org

ਪਾਠ ਨੰ: 2.1 ਲੇਖਿਕਾ : ਡਾ. ਹਰਿੰਦਰ ਕੌਰ

**Last Updated: August, 2023**

# ਸਮਾਜੀਕਰਨ
# (Socialization)

**ਬਣਤਰ**


2.1.1 ਉਦੇਸ਼
2.1.2 ਜਾਣ ਪਛਾਣ
2.1.3 ਸਮਾਜੀਕਰਨ ਦਾ ਅਰਥ
2.1.4 ਸਮਾਜੀਕਰਨ ਦੀਆਂ ਪਰਿਭਾਸ਼ਾਵਾਂ
2.1.5 ਸਮਾਜੀਕਰਨ ਦੀਆਂ ਪ੍ਰਕ੍ਰਿਆਵਾਂ
2.1.5.1 ਨਕਲ
2.1.5.2 ਸੁਝਾਅ
2.1.5.3 ਪਛਾਣ
2.1.5.4 ਭਾਸ਼ਾ
2.1.6 ਸਮਾਜੀਕਰਨ ਦੀ ਪ੍ਰਕ੍ਰਿਆ ਦੇ ਪੜਾਅ
2.1.6.1 ਮੌਖਿਕ ਅਵਸੱਥਾ
2.1.6.2 ਗੁੱਦਾ ਅਵਸੱਥਾ
2.1.6.3 ਅੰਤਰ-ਨਿਹਿਤਤਾ
2.1.6.4 ਕਿਸ਼ੋਰ ਅਵਸੱਥਾ
2.1.7 ਸਮਾਜੀਕਰਨ ਦੇ ਸਾਧਨ
2.1.7.1 ਪਰਿਵਾਰ
2.1.7.2 ਸਕੂਲ
2.1.7.3 ਸਾਥੀ ਗਰੁੱਪ
2.1.7.4 ਧਰਮ
2.1.7.5 ਸੰਚਾਰ ਮਾਧਿਅਮ
2.1.7.6 ਰਾਜ
2.1.8 ਸਾਰ
2.1.9 ਮੁੱਖ ਸ਼ਬਦ
2.1.10 ਅਭਿਆਸ ਲਈ ਪ੍ਰਸ਼ਨ
2.1.11 ਉਪਯੋਗੀ ਪੁਸਤਕਾਂ


## 2.1.1 ਉਦੇਸ਼

ਇਸ ਪਾਠ ਨੂੰ ਪੜ੍ਹਨ ਉਪਰੰਤ ਤੁਸੀਂ ਯੋਗ ਹੋਵੋਗੇ ਕਿ :

- ਸਮਾਜੀਕਰਨ ਨੂੰ ਬਿਆਨ ਕਰ ਸਕੋ ।
- ਸਮਾਜੀਕਰਨ ਦੀ ਪ੍ਰਕ੍ਰਿਆ ਦੀ ਵਿਆਖਿਆ ਕਰ ਸਕੋ ।

- ਸਮਾਜੀਕਰਨ ਦੀ ਪ੍ਰਕ੍ਰਿਆ ਦੇ ਸੱਤਰ ਤੇ ਰੋਸ਼ਨੀ ਪਾ ਸਕੋ ।
- ਸਮਾਜੀਕਰਨ ਦੇ ਸਾਧਨਾਂ ਨੂੰ ਖੋਲ੍ਹ ਕੇ ਬਿਆਨ ਕਰ ਸਕੋ ।

### 2.1.2 ਜਾਣ-ਪਛਾਣ

ਕਿਸੇ ਵਿਅਕਤੀ ਦੀ ਸ਼ਖਸੀਅਤ ਉਸਦੇ ਸਮਾਜੀਕਰਨ ਉੱਤੇ ਨਿਰਭਰ ਕਰਦੀ ਹੈ । ਕੋਈ ਵੀ ਜਨਮ ਤੋਂ ਚੰਗਾ ਜਾਂ ਮਾੜਾ ਨਹੀਂ ਹੁੰਦਾ ਸਗੋਂ ਸਮਾਜੀਕਰਨ ਕਰਕੇ ਉਹੋ ਜਿਹਾ ਬਣ ਜਾਂਦਾ ਹੈ । ਇਕ ਨਵ-ਜਨਮਿਆ ਬੱਚਾ ਇਸ ਸੰਸਾਰ ਵਿਚ ਇਕ ਸਾਧਾਰਨ ਜੀਵ ਹੁੰਦਾ ਹੈ ਅਤੇ ਉਸ ਦੀਆਂ ਲੋੜਾਂ ਵੀ ਪਸ਼ੂਆਂ ਵਾਂਗ ਹੁੰਦੀਆਂ ਹਨ । ਹੋਲੀ ਹੋਲੀ ਉਸ ਬੱਚੇ ਦਾ ਵਰਤਾਰਾ ਇਕ ਸਮਾਜਕ ਪ੍ਰਾਣੀ ਬਣਨ ਲਈ ਮੋੜਿਆ ਜਾਂਦਾ ਹੈ ਅਤੇ ਬੱਚਾ ਆਪਣੇ ਗਰੁੱਪ ਜਾਂ ਸਮੂਹ ਦੀਆਂ ਰੀਤਾਂ, ਰਿਵਾਜ਼ਾਂ, ਆਦਰਸ਼ਾਂ ਤੇ ਲੋਕ ਰੀਤਾਂ ਗ੍ਰਹਿਣ ਕਰਦਾ ਹੈ । ਸਮਾਜ ਦੀ ਨਿਰੰਤਰਤਾ ਲਈ ਸਮਾਜੀਕਰਨ ਦਾ ਸਿਲਸਿਲਾ ਬਹੁਤ ਜ਼ਰੂਰੀ ਹੈ ।

### 2.1.3 ਸਮਾਜੀਕਰਨ ਦਾ ਅਰਥ (Meaning of Socialization)

ਮਨੁੱਖ ਇਕ ਸਮਾਜਿਕ ਪ੍ਰਾਣੀ ਹੈ । ਭਾਵ ਇਕ ਜੀਵ ਪਸ਼ੂ ਨੂੰ ਕਿਸੇ ਢੰਗ ਨਾਲ ਸਮਾਜੀਕਿਰਤ ਕੀਤਾ ਗਿਆ ਹੈ । ਇਕ ਜੀਵ ਨੂੰ ਸਮਾਜੀ ਜੀਵ ਵਿਚ ਬਦਲਣ ਦੀ ਪਰਕਿਰਿਆ ਨੂੰ ਸਮਾਜੀਕਰਨ ਕਹਿੰਦੇ ਹਨ । ਜਨਮ ਤੋਂ ਲੈ ਕੇ ਮੌਤ ਤਕ ਸਮਾਜੀਕਰਨ ਦਾ ਚੱਕਰ ਚਲਦਾ ਰਹਿੰਦਾ ਹੈ । ਸਾਧਾਰਣ ਸ਼ਬਦਾਂ ਵਿਚ ਕਿਸੇ ਸਮਾਜ, ਕਬੀਲੇ ਜਾਂ ਗਰੁੱਪ ਦੀਆਂ ਆਸ਼ਾਵਾਂ, ਆਦਤਾਂ, ਲੋਕ ਰੀਤਾਂ, ਵਿਚਾਰਾਂ, ਪਰੰਪਰਾਵਾਂ ਅਤੇ ਹੁਨਰਾਂ ਨੂੰ ਆਪਣੇ ਅੰਦਰ ਗ੍ਰਹਿਣ ਕਰਨ ਨੂੰ ਸਮਾਜੀਕਰਨ ਕਹਿੰਦੇ ਹਨ । ਸਮਾਜੀਕਰਨ ਦਾ ਮਤਲਬ ਇਕ ਉਦਾਹਰਣ ਰਾਹੀਂ ਸਮਝਾਇਆ ਜਾ ਸਕਦਾ ਹੈ; ਜੇਕਰ ਅਸੀਂ ਨਵ-ਜਨਮੇ ਬੱਚੇ ਨੂੰ ਜੰਗਲ ਵਿਚ ਛੱਡੇ ਦੇਈਏ ਤਾਂ ਉਸਦਾ ਵਤੀਰਾ, ਬੋਲੀ ਤੇ ਕਾਰਜ ਮਨੁੱਖ ਵਾਂਗੂ ਨਾ ਹੋ ਕੇ ਜੰਗਲ ਦੇ ਦੂਸਰੇ ਜਾਨਵਰਾਂ ਵਾਂਗੂ ਹੀ ਹੋਣਗੇ । ਇਸ ਦਾ ਮਤਲਬ ਇਹ ਹੋਇਆ ਕਿ ਮਨੁੱਖ ਸਿਰਫ ਜਨਮ ਕਾਰਨ ਮਨੁੱਖ ਨਹੀਂ ਬਣ ਜਾਂਦੇ, ਬਲਕਿ ਸਮਾਜੀਕਰਨ ਦੁਆਰਾ ਉਸ ਨੂੰ ਮਨੁੱਖ ਬਣਾਇਆ ਜਾਂਦਾ ਹੈ ।

### 2.1.4 ਸਮਾਜੀਕਰਨ ਦੀਆਂ ਪਰਿਭਾਸ਼ਾਵਾਂ

ਸਮਾਜੀਕਰਨ ਦਾ ਅਰਥ ਹੋਰ ਚੰਗੀ ਤਰ੍ਹਾਂ ਸਮਝਣ ਲਈ ਕੁਝ ਕੁ ਵਿਦਵਾਨਾਂ ਦੀਆਂ ਪਰਿਭਾਸ਼ਾਵਾਂ ਇਸ ਤਰ੍ਹਾਂ ਹਨ :

**ਡੋਨਾਲਡ** ਤੇ **ਕੋਲਰ** ਅਨੁਸਾਰ ਸਮਾਜੀਕਰਨ ਉਹ ਪ੍ਰਕ੍ਰਿਆ ਹੈ, ਜਿਸ ਰਾਹੀਂ ਕੋਈ ਵਿਅਕਤੀ ਜ਼ਿੰਦਾ ਰਹਿਣ, ਸਮੂਹ ਤੇ ਸਮਾਜ ਦਾ ਮੈਂਬਰ ਬਣਨ ਲਈ ਸਰੀਰਕ, ਮਾਨਸਿਕ ਹੁਨਰਾਂ ਨੂੰ ਗ੍ਰਹਿਣ ਕਰਦਾ ਹੈ । **ਜੇਜ਼ਰ** ਮੁਤਾਬਕ, ਸਮਾਜੀਕਰਨ ਉਹ ਪ੍ਰਕਿਰਿਆ ਹੈ, ਜਿਸ ਦੁਆਰਾ ਪਸ਼ੂ-ਮਨੁੱਖ, ਸਮਾਜਕ-ਮਨੁੱਖ ਬਣਦਾ ਹੈ ਅਤੇ ਆਪੇ ਨੂੰ ਗ੍ਰਹਿਣ ਕਰਦਾ ਹੈ, ਸਮਾਜੀਕਰਨ ਆਪੇ ਦੀ ਚੇਤਨਾ ਤੇ ਵਿਅਕਤਿਤਾ ਦੀ ਪਛਾਣ ਲਈ ਬਹੁਤ ਜ਼ਰੂਰੀ ਹੈ ।

**ਪੀਟਰ ਬਰਜਰੇ** ਲਿਖਦਾ ਹੈ ਕਿ ਸਮਾਜੀਕਰਨ ਉਹ ਪ੍ਰਕਿਰਿਆ ਹੈ, ਜਿਸ ਰਾਹੀਂ ਕੋਈ ਵਿਅਕਤੀ ਸਮਾਜ ਦਾ ਮੈਂਬਰ ਬਣਨਾ ਸਿੱਖਦਾ ਹੈ ।

**ਸੈਮੂਅਲ ਕੋਇਨਿੰਗ** ਮੁਤਾਬਕ, ਸਮਾਜੀਕਰਨ ਉਹ ਪ੍ਰਕਿਰਿਆ ਹੈ ਜਿਸ ਦੁਆਰਾ ਵਿਅਕਤੀ ਉਹ ਸਮੂੰਹ ਦਾ ਜਿਸ ਵਿਚ ਉਸ ਨੇ ਜਨਮ ਲਿਆ ਹੈ, ਕ੍ਰਿਆਸ਼ੀਲ ਮੈਂਬਰ ਬਣ ਜਾਂਦਾ ਹੈ ਅਤੇ ਉਸ ਸਮਾਜ ਦੀਆਂ ਲੋਕ-ਰੀਤਾਂ ਤੇ ਲੋਕਾਚਾਰ ਅਨੁਸਾਰ ਵਿਚਰਦਾ ਤੇ ਕਾਰਜ ਕਰਦਾ ਹੈ ।

**ਹੈਬਡਿੰਗ ਅਤੇ ਹਾਲਿਕ** ਕਹਿੰਦੇ ਹਨ, ਸਮਾਜੀਕਰਨ ਉਹ ਰਸਤਾ ਹੈ, ਜਿਸ ਰਾਹੀਂ ਸਭਿਆਚਾਰ ਵਿਅਕਤੀ ਦਾ ਹਿੱਸਾ ਬਣ ਜਾਂਦਾ ਹੈ । ਇਹ ਉਹ ਪ੍ਰਕਿਰਿਆ ਹੈ ਜਿਸ ਰਾਹੀਂ ਵਿਅਕਤੀ ਸਮਾਜਕ ਮਾਨਤਾ ਪ੍ਰਾਪਤ ਕਦਰਾਂ-ਕੀਮਤਾਂ ਮਨੋਬਿਰਤੀਆਂ ਵਿਸ਼ਵਾਸ ਅਤੇ ਸਭਿਆ ਵਤੀਰੇ ਨੂੰ ਆਪਣੇ ਅੰਦਰ ਬਿਠਾਉਂਦਾ ਹੈ ।

### 2.1.5 ਸਮਾਜੀਕਰਨ ਦੀਆਂ ਪ੍ਰਕਿਆਵਾਂ :

ਸਮਾਜੀਕਰਨ ਦੀ ਪ੍ਰਕ੍ਰਿਆ ਬੱਚੇ ਦੇ ਜਨਮ ਤੋਂ ਹੀ ਸ਼ੁਰੂ ਹੋ ਜਾਂਦੀ ਹੈ । ਅਨੇਕਾਂ ਕਿਸਮ ਦੇ ਰੀਤੀ

ਰਿਵਾਜ ਜੋ ਉਸਦੇ ਜਨਮ ਤੋਂ ਪਹਿਲਾਂ ਤੇ ਬਾਅਦ ਵਿਚ ਮਨਾਏ ਜਾਂਦੇ ਹਨ। ਉਨ੍ਹਾਂ ਸਭਨਾਂ ਦਾ ਉਸਦੇ ਵਿਅਕਤਿਤਵ ਤੇ ਅਸਰ ਪੈਂਦਾ ਹੈ । ਬੱਚੇ ਦੇ ਜਨਮ ਤੋਂ ਬਾਅਦ ਪਰਿਵਾਰ ਦੁਆਰਾ ਕੀਤੇ ਪਾਲਣ ਪੋਸ਼ਣ ਦਾ ਪ੍ਰਭਾਵ ਉਸਦੀ ਸ਼ਖਸੀਅਤ ਤੇ ਪੈਂਦਾ ਹੈ । ਹੁਣ ਸਵਾਲ ਪੈਂਦਾ ਹੁੰਦਾ ਹੈ ਕਿ ਇਹ ਸਮਾਜੀਕਰਣ ਦੀ ਪ੍ਰਕ੍ਰਿਆ ਕਿਉਂ ਸ਼ੁਰੂ ਹੁੰਦੀ ਹੈ ? ਜਿਵੇਂ ਕਿ ਪਹਿਲਾਂ ਵੀ ਬਿਆਨ ਕੀਤਾ ਜਾ ਚੁੱਕਾ ਹੈ ਕਿ ਸਮਾਜਿਕ ਵਿਵਸਥਾ ਨੂੰ ਬਣਾਏ ਰੱਖਣ ਲਈ ਮਨੁੱਖਾਂ ਦਾ ਅਨੁਕੂਲਿਤ ਵਿਵਹਾਰ ਜ਼ਰੂਰੀ ਹੈ । ਇਸ ਵਿਵਹਾਰ ਨੂੰ ਕੰਟਰੋਲ ਕਰਨਾ ਹੀ ਸਮਾਜੀਕਰਨ ਹੈ । ਸੋ ਸਮਾਜੀਕਰਨ ਦੀ ਪ੍ਰਕ੍ਰਿਆ ਇਸ ਲਈ ਜ਼ਰੂਰੀ ਹੈ ਕਿ ਵਿਅਕਤੀ ਨੂੰ ਸਮਾਜ ਦਾ ਹਿੱਸਾ ਬਣਾਇਆ ਜਾ ਸਕੇ । ਜਨਮ ਤੋਂ ਵਿਅਕਤੀ ਪਸ਼ੂ ਬਿਰਤੀ ਦਾ ਮਾਲਿਕ ਹੁੰਦਾ ਹੈ । ਇਹ ਪਸ਼ੂ ਬਿਰਤੀਆਂ ਉਸ ਨੂੰ ਅਸਮਾਜਿਕ ਅਤੇ ਸਮਾਜ ਵਿਰੋਧੀ ਕਾਰਜ ਕਰਨ ਲਈ ਪ੍ਰੇਰਦੀਆਂ ਹਨ । ਹਰੇਕ ਵਿਅਕਤੀ ਵਿਚ 16 ਕਿਸਮ ਦੀਆਂ ਮੂਲ ਸੰਵੇਦਨਾਵਾਂ (instincts) ਹੁੰਦੀਆਂ ਹਨ ਜਿਵੇਂ ਭੁੱਖ, ਪਿਆਸ, ਗੁੱਸਾ, ਪਿਆਰ, ਸੈਕਸ ਆਦਿ ਇਨ੍ਹਾਂ ਸਭਨਾਂ ਦੀ ਉਹ ਪੂਰਤੀ ਚਾਹੁੰਦਾ ਹੈ ਪਰ ਜੇਕਰ ਵਿਅਕਤੀ ਦਾ ਇਨ੍ਹਾਂ ਉਪਰ ਨਿਯੰਤਰਣ ਨਾ ਹੋਵੇ ਤਾਂ ਮਨੁੱਖੀ ਸਮਾਜ ਵਿਚ ਅਸਥਿਰਤਾ ਆਉਣੀ ਲਾਜ਼ਮੀ ਹੈ । ਸਮਾਜੀਕਰਣ ਹੀ ਇਹ ਅਜਿਹੀ ਪ੍ਰਕ੍ਰਿਆ ਹੈ ਜੋ ਵਿਅਕਤੀ ਨੂੰ ਇਹ ਸਿਖਾਉਂਦੀ ਹੈ ਕਿ ਉਸਨੇ ਸਮਾਜ ਵਿਚ ਰਹਿਣ ਲਈ ਇਨ੍ਹਾਂ ਸਾਰੀਆਂ ਸੰਵੇਦਨਾਵਾਂ (instincts) ਤੇ ਕਿਵੇਂ ਕਾਬੂ ਪਾਉਣਾ ਹੈ। ਇਸ ਪ੍ਰਕ੍ਰਿਆ ਦੁਆਰਾ ਹੀ ਉਹ ਪਸ਼ੂ ਬਿਰਤੀਆਂ ਤੇ ਨਿਯੰਤਰਣ ਪਾਉਣਾ ਸਿੱਖਦਾ ਹੈ । ਸਮਾਜੀਕਰਨ ਦੀ ਪ੍ਰਕ੍ਰਿਆ ਵਿਅਕਤੀਆਂ ਵਿੱਚ ਅਨੁਸ਼ਾਸ਼ਨ ਪੈਦਾ ਕਰਦੀ ਹੈ । ਅਨੁਸਾਸਨ ਹੀ ਵਿਅਕਤੀਆਂ ਦੀਆਂ ਇੱਛਾਵਾਂ ਅਤੇ ਸੰਵੇਦਨਾਵਾਂ ਨੂੰ ਸਮਾਜਿਕ ਰੂਪ ਪ੍ਰਦਾਨ ਕਰਦਾ ਹੈ ਅਤੇ ਉਨ੍ਹਾਂ ਨੂੰ ਅਸਲ ਸਮਾਜਿਕ ਵਾਤਾਵਰਣ ਦੀ ਪ੍ਰਕ੍ਰਿਤੀ ਅਨੁਸਾਰ ਢਾਲਦਾ ਹੈ । ਸਮਾਜੀਕਰਨ ਹੀ ਵਿਅਕਤੀਆਂ ਨੂੰ ਸਮਾਜਿਕ ਭੂਮਿਕਾਵਾਂ ਅਤੇ ਜਿੰਮੇਵਾਰੀਆਂ ਚੁੱਕਣ ਦੇ ਯੋਗ ਬਣਾਉਂਦਾ ਹੈ । ਆਤਮ-ਤਿਆਗ ਅਤੇ ਆਤਮ-ਸੰਜਮ ਜਿਹੇ ਗੁਣ ਵੀ ਸਮਾਜੀਕਰਨ ਦੀ ਹੀ ਦੇਣ ਹਨ । ਜਿਨ੍ਹਾਂ ਦੁਆਰਾ ਵਿਅਕਤੀ ਸਮੂਹ ਦੀ ਭਲਾਈ ਲਈ ਸੋਚਦਾ ਹੈ । ਅੰਤ ਵਿਚ ਅਸੀਂ ਕਹਿ ਸਕਦੇ ਹਾਂ ਕਿ ਸਮਾਜਿਕ ਵਿਵਸਥਾ ਬਣਾਈ ਰੱਖਣ ਲਈ ਅਤੇ ਇਸ ਦੀਆਂ ਸਾਰੀਆਂ ਸੰਸਥਾਵਾਂ ਵਿਚ ਨਿਯੰਤਰਤਾ ਲਈ ਸਮਾਜੀਕਰਨ ਦੀ ਪ੍ਰਕ੍ਰਿਆ ਬਹੁਤ ਜ਼ਰੂਰੀ ਹੈ।

ਹਰੇਕ ਵਿਅਕਤੀ ਸਮਾਜ ਵਿਚ ਰਹਿਣ ਲਈ ਸਮੂਹ ਦੀਆਂ ਕਦਰਾਂ ਕੀਮਤਾਂ, ਮਾਪਦੰਡ ਜਾਂ ਪ੍ਰਤਿਮਾਨ (norms) ਆਦਤਾਂ ਅਤੇ ਆਦਰਸ਼ (ideals) ਸਿਖਦਾ ਹੈ। ਜਿਨ੍ਹਾਂ ਦੁਆਰਾ ਉਹ ਸਮਾਜ ਵਿਚ ਵਿਚਰਣ ਦੇ ਯੋਗ ਬਣਦਾ ਹੈ। ਇਸ ਸਾਰੀਆਂ ਚੀਜ਼ਾਂ ਉਹ ਨਿਮਿਨ ਲਿਖਤ ਕਾਰਕਾਂ ਦੇ ਮਾਧਿਅਮ ਰਾਹੀ ਸਿੱਖਦਾ ਹੈ। ਇਹ ਹਨਃ ਨਕਲ, ਸੁਝਾਅ, ਪਛਾਣ ਅਤੇ ਭਾਸ਼ਾ। ਆਓ ਇਨ੍ਹਾਂ ਬਾਰੇ ਸੰਖੇਪ ਵਿਚ ਜਾਣਕਾਰੀ ਹਾਸਿਲ ਕਰੀਏ ।

### 2.1.5.1 **ਨਕਲ (imitation)** :

ਕੋਈ ਵੀ ਵਿਅਕਤੀ ਜਦੋਂ ਦੂਸਰੇ ਵਿਅਕਤੀ ਜਾਂ ਵਿਅਕਤੀਆਂ ਦੇ ਕਾਰਜਾਂ ਨੂੰ ਹੂਬਹੂ ਅਪਨਾਉਂਦਾ ਹੈ ਤਾਂ ਉਸਨੂੰ ਨਕਲ ਕਿਹਾ ਜਾਂਦਾ ਹੈ। ਇਹ ਨਕਲ ਚੇਤਨ (conscious) ਵੀ ਹੋ ਸਕਦੀ ਹੈ ਅਤੇ ਅਚੇਤਨ (unconscious) ਵੀ । ਚੇਤਨ ਨਕਲ ਤੋਂ ਭਾਵ ਹੈ ਜਦੋਂ ਵਿਅਕਤੀ ਜਾਣ-ਬੁੱਝ ਕੇ ਦੂਸਰੇ ਵਿਅਕਤੀਆਂ ਦੀ ਤਰ੍ਹਾਂ ਵਿਸ਼ੇਸ਼ ਨਿਯਮਾਂ ਅਨੁਸਾਰ ਵਿਵਹਾਰ ਕਰਦਾ ਹੈ ਅਤੇ ਅਚੇਤਨ ਨਕਲ ਤੋਂ ਭਾਵ ਹੈ ਜਦੋਂ ਕੋਈ ਵਿਅਕਤੀ ਅਚਾਨਕ ਹੀ ਬਿਨਾਂ ਜਾਣੇ ਬੁਝੇ ਦੂਜੇ ਵਿਅਕਤੀਆਂ ਦੀ ਤਰ੍ਹਾਂ ਵਿਵਹਾਰ ਕਰਦਾ ਹੈ ਜਿਵੇਂ ਅਕਸਰ ਵੇਖਦੇ ਹਾਂ ਕਿ ਬੱਚੇ ਆਪਣੇ ਪਰਿਵਾਰ ਦੇ ਮੈਂਬਰਾਂ ਦੀ ਨਕਲ ਕਰਦੇ ਹਨ ਕਿਉਂਕਿ ਉਹ ਹਮੇਸ਼ਾਂ ਉਨ੍ਹਾਂ ਦੇ ਸੰਪਰਕ ਵਿਚ ਰਹਿੰਦੇ ਹਨ ਅਤੇ ਉਨ੍ਹਾਂ ਤੋਂ ਪ੍ਰਭਾਵਿਤ ਹੁੰਦੇ ਹਨ। ਇਸ ਲਈ ਇਹ ਸੁਭਾਵਿਕ ਹੀ ਹੈ ਕਿ ਬੱਚੇ ਮਾਂ-ਬਾਪ ਦੀ ਤਰ੍ਹਾਂ ਵਰਤਾਓ ਕਰਨਗੇ । ਉਘੇ ਸਮਾਜ ਵਿਗਿਆਨੀ **ਹਰਬਰਟ ਮੀਡ** ਨੇ ਨਕਲ ਨੂੰ ਬਿਆਨ ਕਰਦੇ ਹੋਏ ਆਖਿਆ ਹੈ ਕਿ ਨਕਲ ਦੂਜੇ ਵਿਅਕਤੀਆਂ ਦੀਆਂ ਭੂਮਿਕਾਵਾਂ ਅਤੇ ਕਿਰਿਆਵਾਂ ਦੀ ਆਤਮ ਚੇਤਨ ਪੂਰਬ-ਕਲਪਨਾ ਹੈ (Imitation is self-conscious

assumption of another's acts or rolers) ਸੋ ਜਦੋਂ ਵਿਅਕਤੀ ਨਕਲ ਦੁਆਰਾ ਕਿਸੇ ਦੂਜੇ ਵਿਅਕਤੀ ਦੀਆਂ ਕਿਰਿਆਵਾਂ ਤੋਂ ਪ੍ਰਭਾਵਿਤ ਹੋ ਕੇ ਉਨ੍ਹਾਂ ਨੂੰ ਅਪਨਾਉਣ ਦਾ ਯਤਨ ਕਰਦਾ ਹੈ ਤਾਂ ਇਹ ਉਸਦੇ ਸਮਾਜੀਕਰਨ ਦੀ ਹੀ ਪ੍ਰਕ੍ਰਿਆ ਹੈ ਜਾਂ ਫਿਰ ਅਸੀਂ ਇਹ ਕਹਿ ਸਕਦੇ ਹਾਂ ਕਿ ਬੱਚੇ ਦੇ ਸਮਾਜੀਕਰਨ ਦੀ ਪ੍ਰਕ੍ਰਿਆ ਦਾ ਨਕਲ ਸਭ ਤੋਂ ਮੁਢਲਾ ਕਾਰਕ ਹੈ । ਬੱਚਿਆਂ ਵਿਚ ਬਾਲਗਾਂ ਦੇ ਮੁਕਾਬਲੇ ਨਕਲ ਕਰਨ ਦੀ ਸਮਰੱਥਾ ਜ਼ਿਆਦਾ ਹੁੰਦੀ ਹੈ । ਇਹੋ ਕਾਰਨ ਹੈ ਕਿ ਉਹ ਬਿਨਾ ਕਿਸੇ ਗਾਈਡੈਂਸ ਦੇ ਭਾਸ਼ਾ ਅਤੇ ਗਰਾਮਰ ਦੇ ਸਾਰੇ ਨਿਯਮ ਆਪਣੇ ਆਪ ਸਿੱਖ ਲੈਂਦਾ ਹੈ। ਨਕਲ ਦੁਆਰਾ ਹੀ ਉਹ ਸਮਾਜਿਕ ਵਿਵਹਾਰਕ ਪ੍ਰਤੀਮਾਨਾਂ ਨੂੰ ਗ੍ਰਹਿਣ ਕਰਦਾ ਹੈ।

### 2.1.5.2 ਸੁਝਾਅ (Suggestions)

ਸਮਾਜੀਕਰਨ ਦੀ ਪ੍ਰਕ੍ਰਿਆ ਦਾ ਦੂਸਰਾ ਮਹੱਤਵਪੂਰਣ ਕਾਰਕ ਹੈ ਸੁਝਾਅ । ਹਰੇਕ ਵਿਅਕਤੀ ਵਿਚ ਦੂਸਰੇ ਵਿਅਕਤੀ ਦੇ ਵਿਚਾਰਾਂ ਤੋਂ ਪ੍ਰਭਾਵਿਤ ਹੋਣ ਦੀ ਸਮਰੱਥਾ ਹੁੰਦੀ ਹੈ । ਮੌਜੂਦਾ ਸਮਾਜ ਵਿਚ ਸੁਝਾਅ ਪ੍ਰਚਾਰ ਦਾ ਇੱਕ ਮਹੱਤਵਪੂਰਣ ਯੰਤਰ ਹੈ । ਸੁਝਾਅ ਜਾਂ ਵਿਚਾਰਾਂ ਨੂੰ ਭਾਸ਼ਾ, ਚਿਤਰਾਂ ਅਤੇ ਹਾਵ–ਭਾਵਾਂ ਦੁਆਰਾ ਸੰਚਾਰਿਤ ਕੀਤਾ ਜਾਂਦਾ ਹੈ। **ਮੈਕਡੂਗਲ** ਦਾ ਮੰਨਣਾ ਹੈ ਕਿ ਸੁਝਾਅ ਸਮਾਜੀਕਰਨ ਦੀ ਉਹ ਪ੍ਰਕ੍ਰਿਆ ਹੈ ਜਿਸ ਦੁਆਰਾ ਸੰਚਾਰਿਤ ਵਿਚਾਰਾਂ ਨੂੰ ਤਾਰਕਿਕ ਆਧਾਰਾਂ ਦੀ ਅਣਹੋਂਦ ਹੁੰਦੇ ਹੋਏ ਵੀ ਸਵੀਕਾਰ ਕਰ ਲਿਆ ਜਾਂਦਾ ਹੈ । ("Suggestion is the process of Communication resulting in the acceptance with connviction of the Communicated proposition in the absence of logically adequate grounds for its acceptance." Mc Dougall)

ਸੁਝਾਓ ਵਿਅਕਤੀ ਦੇ ਦੂਜਿਆਂ ਪ੍ਰਤੀ ਵਿਵਹਾਰ ਨੂੰ ਹੀ ਪ੍ਰਭਾਵਿਤ ਨਹੀਂ ਕਰਦੇ ਬਲਕਿ ਇਹ ਉਸਦੇ ਨਿਜੀ ਵਿਵਹਾਰ ਤੇ ਵੀ ਅਸਰ ਪਾਉਂਦੇ ਹਨ । ਵੱਡਿਆਂ ਦੇ ਮੁਕਾਬਲੇ ਬੱਚਿਆਂ ਵਿਚ ਸੁਝਾਓ ਨੂੰ ਮੰਨਣ ਦੀ ਜ਼ਿਆਦਾ ਰੁਚੀ ਹੁੰਦੀ ਹੈ ਕਿਉਂਕਿ ਬੱਚੇ ਦੇ ਵਿਚਾਰਾਂ ਵਿਚ ਪਕਿਆਈ ਨਹੀਂ ਹੁੰਦੀ ਅਤੇ ਨਾ ਹੀ ਉਸ ਵਿੱਚ ਤਰਕ ਦੀ ਸਮਰੱਥਾ ਹੁੰਦੀ ਹੈ । ਉਹ ਬਹੁਤ ਜਲਦੀ ਉਨ੍ਹਾਂ ਲੋਕਾਂ ਦੇ ਸੁਝਾਵਾਂ ਵਿਚ ਆ ਜਾਂਦਾ ਹੈ ਜਿਨ੍ਹਾਂ ਤੋਂ ਉਹ ਪ੍ਰਭਾਵਿਤ ਹੁੰਦਾ ਹੈ । ਬੱਚੇ ਦਾ ਸੁਭਾਅ, ਉਸ ਦਾ ਬੋਧਿਕ ਪੱਧਰ, ਅਗਿਆਨਤਾ, ਵੱਖ–ਵੱਖ ਪਾਬੰਦਗੀ, ਭਾਵਨਾਤਮਕ ਉਤੇਜਨਾ ਅਤੇ ਥੱਕਾ ਦੇਣ ਵਰਗੇ ਅੰਦਰੂਨੀ ਤੱਤ ਹਨ ਜਿਨ੍ਹਾਂ ਤੋਂ ਸੁਝਾਅ ਦੀ ਪ੍ਰਕ੍ਰਿਆ ਪ੍ਰਭਾਵਿਤ ਹੁੰਦੀ ਹੈ । ਜੋ ਸੁਝਾਵ ਜਲਦੀ ਹੀ ਵਿਅਕਤੀਆਂ ਵਿਚ ਸੰਵੇਗ ਪੈਦਾ ਕਰ ਦਿੰਦੇ ਹਨ ਉਨ੍ਹਾਂ ਨੂੰ ਛੇਤੀ ਹੀ ਮੰਨ ਲਿਆ ਜਾਂਦਾ ਹੈ । **ਕਰੈਚ** ਅਤੇ **ਕ੍ਰੈਚਫੀਲਡ** ਨੇ ਆਪਣੀ ਕਿਤਾਬ ਥਿਊਰੀ ਐਂਡ ਪਰੋਬਲਮਜ਼ ਆਫ ਸੋਸਲ ਸਾਇਕੋਲੋਜੀ ਵਿਚ ਸੁਝਾਅ ਦੀਆਂ ਵਿਸ਼ੇਸ਼ਤਾਈਆਂ ਦੱਸਦੇ ਹੋਏ ਲਿਖਿਆ ਹੈ ਕਿ ਸੁਝਾਅ ਹੇਠ ਲਿਖੀਆਂ ਹਾਲਤਾਂ ਵਿਚ ਜ਼ਿਆਦਾ ਪ੍ਰਭਾਵਸ਼ਾਲੀ ਹੁੰਦੇ ਹਨ :

(ੳ) ਜੋ ਸੁਝਾਓ ਵਰਤਮਾਨ ਲੋੜਾਂ ਨਾਲ ਮੇਲ ਖਾਂਦੇ ਹੋਣ ਅਤੇ ਉਨ੍ਹਾਂ ਨੂੰ ਪੂਰਾ ਕਰ ਸਕਣ ਉਹ ਜਲਦੀ ਮੰਨ ਲਏ ਜਾਂਦੇ ਹਨ ।

(ਅ) ਜੋ ਸੁਝਾਅ ਕਿਸੇ ਸੂਝਵਾਨ ਵਿਅਕਤੀ ਵਲੋਂ ਦਿੱਤੇ ਗਏ ਹੋਣ ਜਾਂ ਫਿਰ ਬਹੁਤ ਸਾਰੇ ਵਿਅਕਤੀਆਂ ਦਾ ਇੱਕੋ ਗੱਲ ਬਾਰੇ ਉਹੀ ਸੁਝਾਅ ਹੋਵੇ ਉਹ ਜ਼ਿਆਦਾ ਪ੍ਰਭਾਵਸ਼ਾਲੀ ਹੁੰਦੇ ਹਨ ।

(ੲ) ਜਦੋਂ ਕਿਸੇ ਗੱਲ ਬਾਰੇ ਕਿਸੇ ਵਿਅਕਤੀ ਨੂੰ ਸਪਸ਼ਟਤਾ ਨਾ ਹੋਵੇ, ਉਹ ਭੁਲੇਖੇ ਵਿੱਚ ਹੋਵੇ ਤਾਂ ਉਸ ਸਥਿਤੀ ਨਾਲ ਸੰਬੰਧਿਤ ਸਝਾਓ ਜੋ ਉਸ ਦਾ ਭੁਲੇਖਾ ਦੂਰ ਕਰਦੇ ਹੋਣ ਉਨ੍ਹਾਂ ਨੂੰ ਸਵੀਕਾਰ ਕੀਤਾ ਜਾਂਦਾ ਹੈ।

(ਸ) ਸਾਡੀ ਪਰੰਮਪਰਾਗਤ ਸੋਚ ਤੇ ਆਧਾਰਿਤ, ਪੂਰਵ ਧਾਰਨਾਵਾਂ ਅਤੇ ਵਿਸ਼ਵਾਸ਼ਾਂ ਦੇ ਅਨੁਕੂਲ ਸੁਝਾਵ ਬੜੀ ਜਲਦੀ ਸਵੀਕਾਰ ਕਰ ਲਏ ਜਾਂਦੇ ਹਨ ।

(ਹ) ਉਹ ਸੁਝਾਓ ਜਲਦੀ ਮੰਨ ਲਏ ਜਾਂਦੇ ਹਨ ਜਿਹੜੇ ਵਿਅਕਤੀਆਂ ਵਿਚ ਬਹੁਤ ਜਲਦੀ ਸੰਵੇਗ ਪੈਦਾ ਕਰ ਸਕਦੇ ਹੋਣ ।

ਸੋ ਅਸੀਂ ਕਹਿ ਸਕਦੇ ਹਾਂ ਕਿ ਸਮਾਜੀਕਰਨ ਦੀ ਇਸ ਪ੍ਰਕਿਆ ਵਿਚ ਸੁਝਾਵਾਂ ਦਾ ਵੀ ਬਹੁਤ ਵੱਡਾ ਰੋਲ ਹੈ । ਅਸੀਂ ਹਮੇਸ਼ਾਂ ਹੀ ਵੱਡਿਆਂ ਦੇ ਸੁਝਾਵਾਂ ਨੂੰ ਮੰਨਦੇ ਹਾਂ ਅਤੇ ਛੋਟਿਆਂ ਨੂੰ ਸੁਝਾਓ ਦਿੰਦੇ ਹਾਂ । ਇਸ ਤਰੀਕੇ ਨਾਲ ਹੀ ਅਸੀਂ ਸਮਾਜ ਵਿਚ ਵਿਚਰਣ ਦੇ ਯੋਗ ਬਣਦੇ ਹਾਂ ।

### 2.1.5.3 ਪਛਾਣ (identification)

ਛੋਟੀ ਉਮਰ ਵਿੱਚ ਬੱਚੇ ਨੂੰ ਸਿਰਫ ਆਪਣੀ ਹੀ ਸਮਝ ਹੁੰਦੀ ਹੈ । ਉਹ ਆਲੇ ਦੁਆਲੇ ਦੀਆਂ ਚੀਜ਼ਾਂ ਅਤੇ ਲੋਕਾਂ ਤੋਂ ਪ੍ਰਭਾਵਿਤ ਨਹੀਂ ਹੁੰਦਾ ਪਰ ਜਦੋਂ ਥੋੜ੍ਹਾ ਵੱਡਾ ਹੁੰਦਾ ਹੈ ਤਾਂ ਉਸ ਨੂੰ ਉਸਦਾ ਆਲਾ–ਦੁਆਲਾ ਪ੍ਰਭਾਵਿਤ ਕਰਨਾ ਸ਼ੁਰੂ ਕਰ ਦਿੰਦਾ ਹੈ । ਉਹ ਆਪਣੇ ਬਾਰੇ ਅਤੇ–ਦੁਆਲੇ ਬਾਰੇ ਸੁਚੇਤ ਹੋ ਜਾਂਦਾ ਹੈ । ਉਸ ਵਿਚ "ਮੈਂ" ਦੀ ਥਾਂ ਹੁਣ "ਮੇਰੀ" ਦੀ ਭਾਵਨਾ ਪੈਦਾ ਹੋ ਜਾਂਦੀ ਹੈ । ਮੇਰੀ ਮਾਂ, ਮੇਰੇ ਕਪੜੇ, ਮੇਰਾ ਖਿਲੌਣਾ, ਮੇਰੀ ਕਿਤਾਬ ਆਦਿ ਇਸੇ ਤਰ੍ਹਾਂ ਉਹ ਆਪਣੀ ਪਛਾਣ ਵੀ ਕਰਨ ਲਗਦਾ ਹੈ। ਜੇਕਰ ਲੜਕਾ ਹੈ ਤਾਂ ਉਹ ਆਪਣੇ ਆਪ ਨੂੰ ਪਿਤਾ ਨਾਲ identify ਕਰਨ ਲੱਗ ਜਾਂਦਾ ਹੈ ਅਤੇ ਜੇਕਰ ਲੜਕੀ ਹੈ ਤਾਂ ਉਹ ਮਾਤਾ ਨਾਲ ਆਪਣੀ ਪਛਾਣ ਬਣਾਉਂਦੀ ਹੈ । ਇਸ ਪਛਾਣ ਦੀ ਪ੍ਰਕ੍ਰਿਆ ਦੀ ਰਫਤਾਰ ਅਤੇ ਖੇਤਰ ਵੱਧਦਾ ਜਾਂਦਾ ਹੈ ਜਿਵੇਂ ਜਿਵੇਂ ਬੱਚਾ ਵੱਡਾ ਹੁੰਦਾ ਜਾਂਦਾ ਹੈ । ਫਿਰ ਉਸਦੇ Role Models ਵੀ ਬਦਲਦੇ ਜਾਂਦੇ ਹਨ ਕਦੇ ਉਹ ਕਿਸੇ ਪ੍ਰਤਿਭਾਸ਼ਾਲੀ ਵਿਅਕਤੀ ਦੀ ਤਰ੍ਹਾਂ ਹੋਣਾ ਲੋਚਦਾ ਹੈ ਅਤੇ ਕਦੇ ਕਿਸੇ ਫਿਲਮੀ ਹੀਰੋ ਜਾਂ ਹੀਰੋਈਨ ਦੀ ਤਰ੍ਹਾਂ ਬੋਲਦਾ, ਹੇਅਰ ਸਟਾਇਲ ਬਣਾਉਂਦਾ ਅਤੇ ਕਪੜੇ ਪਾਉਂਦਾ ਹੈ ਇਸ ਸੱਭ ਚੀਜ਼ਾਂ ਪਛਾਣ identification ਦਾ ਹੀ ਹਿੱਸਾ ਹਨ। ਇਸ ਪਛਾਣ ਦੇ ਮਾਧਿਅਮ ਰਾਹੀ ਹੀ ਵਿਅਕਤੀ ਸਮਾਜਿਕ ਬਣਦਾ ਹੈ।

### 2.1.5.4 ਭਾਸ਼ਾ (Language)

ਭਾਸ਼ਾ ਸਮਾਜਿਕ ਅੰਤਰ–ਕ੍ਰਿਆ ਦਾ ਮਾਧਿਅਮ ਹੈ । ਇਸ ਰਾਹੀ ਹੀ ਸਭਿਆਚਾਰ ਸੰਚਾਰਿਤ ਹੁੰਦਾ ਹੈ । ਜਦੋਂ ਬੱਚਾ ਛੋਟਾ ਹੁੰਦਾ ਹੈ ਤਾਂ ਉਸ ਕੋਲ ਭਾਸ਼ਾ ਨਹੀਂ ਹੁੰਦੀ ਬਲਕਿ ਉਹ ਸਿਰਫ਼ ਰੋ ਕੇ ਜਾਂ ਹੱਸਕੇ ਆਪਣੇ ਭਾਵਾਂ ਨੂੰ ਪ੍ਰਗਟਾਉਂਦਾ ਹੈ ਪਰ ਜਿਉਂ ਜਿਉਂ ਹੋਲੀ ਹੋਲੀ ਵੱਡਾ ਹੁੰਦਾ ਹੈ ਤਾਂ ਆਪਣੀ ਮਾਤਰ ਭਾਸ਼ਾ ਸਿੱਖਦਾ ਹੈ ਅਤੇ ਦੂਸਰਿਆਂ ਨਾਲ ਅੰਤਰ ਕ੍ਰਿਆ ਕਰਦਾ ਹੈ । ਜਦੋਂ ਭਾਸ਼ਾ ਬੋਲ ਚਾਲ ਦਾ ਮਾਧਿਅਮ ਨਹੀਂ ਸੀ ਉਸ ਸਮੇਂ ਲੋਕ ਹਾਵ ਭਾਵਾਂ ਨਾਲ, ਸੰਕੇਤਾਂ ਰਾਹੀਂ ਜਾਂ ਫਿਰ ਚੀਕ ਕੇ ਇਕ ਦੂਸਰੇ ਨਾਲ ਅੰਤਰ–ਕਾਰਜ (Interact) ਕਰਦੇ ਸਨ ਜਿਸ ਦਾ ਮਨੁੱਖੀ ਜ਼ਹਿਨ ਤੇ ਬਹੁਤ ਲੰਮੇ ਅਰਸੇ ਤੱਕ ਅਸਰ ਨਹੀ ਸੀ ਰਹਿੰਦਾ । ਇਨ੍ਹਾਂ ਸੰਕੇਤਾਂ ਜਾਂ ਚਿੰਨਾਂ ਵਿਚ ਇਕਸਾਰਤਾ ਵੀ ਨਹੀਂ ਸੀ ਹੁੰਦੀ । ਇਸ ਲਈ ਵਿਅਕਤੀ ਆਪਣੀਆਂ ਭਾਵਨਾਵਾਂ ਦਾ ਪੂਰੀ ਤਰ੍ਹਾਂ ਇਜ਼ਹਾਰ ਨਹੀਂ ਸਨ ਕਰ ਸਕਦੇ । ਪਰ ਭਾਸ਼ਾ ਦੀ ਆਮਦ ਨਾਲ ਲੋਕ ਬਹੁਤ ਹੀ ਆਸਾਨੀ ਨਾਲ ਅਤੇ ਸਾਧਾਰਣ ਤਰੀਕੇ ਨਾਲ ਆਪਣੀਆਂ ਭਾਵਨਾਵਾਂ ਅਤੇ ਵਿਚਾਰਾਂ ਦਾ ਦੂਜਿਆਂ ਨਾਲ ਇਜ਼ਹਾਰ ਕਰ ਸਕਦੇ ਹਨ । ਇਸ ਲਈ ਕਿਹਾ ਜਾ ਸਕਦਾ ਹੈ ਕਿ ਭਾਸ਼ਾ ਸਮਾਜੀਕਰਨ ਦਾ ਇਕ ਮਹੱਤਵਪੂਰਨ ਕਾਰਕ ਹੈ । ਜਿਸ ਰਾਹੀ ਵਿਅਕਤੀ ਆਪਣੇ ਵਿਚਾਰਾਂ ਦਾ ਵਟਾਂਦਰਾ ਕਰਦਾ ਹੈ ਅਤੇ ਦੂਸਰਿਆਂ ਦੇ ਵਿਚਾਰਾਂ ਤੋਂ ਪ੍ਰਭਾਵਿਤ ਹੋ ਕੇ ਸਮਾਜ ਵਿਚ ਵਿਚਰਨਾ ਸਿੱਖਦਾ ਹੈ ।

## 2.1.6 ਸਮਾਜੀਕਰਨ ਦੀ ਪ੍ਰਕਿਰਿਆ ਦੇ ਪੜਾਅ (Stages of the process Socialization)

ਉਘੇ ਵਿਗਿਆਨੀ ਸਿਗਮੰਡ ਫਰਾਇਡ ਨੇ ਸਮਾਜੀਕਰਨ ਦੀ ਸੰਪੂਰਨ ਪ੍ਰਕਿਰਿਆ ਨੂੰ ਹੇਠ ਲਿਖਿਆਂ ਚਾਰ ਅਵਸਥਾਵਾਂ ਵਿਚ ਵੰਡਿਆ ਹੈ ।

2.1.6.1 **ਮੌਖਿਕ ਅਵਸਥਾ (Oral Stage)** : ਇਹ ਸਟੇਜ ਬੱਚੇ ਦੀ ਡੇਢ ਸਾਲ ਦੀ ਉਮਰ

ਤਕ ਰਹਿੰਦੀ ਹੈ । ਜਨਮ ਤੋਂ ਬਾਅਦ ਬੱਚਾ ਸੰਸਾਰ ਵਿਚ ਆਉਂਦਾ ਹੈ ਤਾਂ ਉਹ ਕਾਲਪਨਿਕ ਅਤੇ ਵਾਸਤਵਿਕ ਵਸਤਾਂ ਵਿਚ ਕੋਈ ਅੰਤਰ ਨਹੀਂ ਕਰ ਸਕਦਾ। ਉਸ ਨੂੰ ਦੁਨੀਆਂ ਦੀ ਹਰ ਚੀਜ਼ ਚੰਗੀ ਲਗਦੀ ਹੈ । ਉਹ ਚਾਹੁੰਦਾ ਹੈ ਕਿ ਉਹ ਚੀਜ਼ ਉਸ ਕੋਲ ਆ ਜਾਵੇ। ਬੱਚਾ ਆਪਣੀਆਂ ਜ਼ਰੂਰੀ ਲੋੜਾਂ ਜਿਵੇਂ ਭੁੱਖ ਅਤੇ ਪਿਆਸ ਨੂੰ ਪੂਰਾ ਕਰਨ ਲਈ ਆਪਣੀ ਮਾਂ ਉਪਰ ਨਿਰਭਰ ਕਰਦਾ ਹੈ । ਉਹ ਮੁੱਢਲੀ ਵਿਦਿਆ ਆਪਣੀ ਮਾਂ ਕੋਲੋਂ ਪ੍ਰਾਪਤ ਕਰਦਾ ਹੈ । ਉਹ ਬੋਲਣ ਦੀ ਆਪਣੀ ਮਾਂ ਦੀ ਨਕਲ ਕਰਦਾ ਹੈ ਅਤੇ ਜ਼ਰੂਰੀ ਲੋੜਾਂ ਨੂੰ ਪੂਰਾ ਕਰਨ ਲਈ ਉਹਨਾਂ ਉਪਰ ਨਿਯੰਤਰਣ ਕਰਨਾ ਸਿੱਖਦਾ ਹੈ ।

**2.1.6.2 ਗੁੱਦਾ ਅਵਸਥਾ (Anal Stages)** : ਇਹ ਸਟੇਜ ਡੇਢ ਤੋਂ ਚਾਰ ਸਾਲ ਦੀ ਉਮਰ ਤੱਕ ਰਹਿੰਦੀ ਹੈ । ਇਸ ਅਵਸਥਾ ਵਿਚ ਬੱਚੇ ਨੂੰ ਗਿਆਨ ਹੋ ਜਾਂਦਾ ਹੈ ਕਿ ਸਾਰੀਆਂ ਵਸਤਾਂ ਉਪਰ ਉਸ ਦਾ ਹੀ ਅਧਿਕਾਰ ਨਹੀਂ ਸਗੋਂ ਦੂਸਰਿਆਂ ਬੱਚਿਆਂ ਦਾ ਵੀ ਹੈ । ਉਸ ਨੂੰ ਇਹ ਸਮਝ ਆਉਣ ਲੱਗਦੀ ਹੈ ਕਿ ਕਿਹੜੀ ਚੀਜ਼ ਉਸ ਦੀ ਹੈ ਕਿਹੜੀ ਦੂਸਰੇ ਦੀ । ਉਸ ਨੂੰ ਗਲਤ ਕੰਮ ਕਰਨ ਤੇ ਦੰਡ ਵੀ ਮਿਲਦਾ ਹੈ । ਮਾਂ ਬਾਪ ਉਸ ਦੀ ਗਲਤੀ ਉਪਰ ਝਿੜਕਦੇ ਹਨ ਤਾਂ ਕਿ ਉਹ ਚੰਗੇ ਗੁਣ ਗ੍ਰਹਿਣ ਕਰ ਸਕੇ । ਉਹ ਆਪਣੀਆਂ ਕਾਫੀ ਲੋੜਾਂ ਦੀ ਪੂਰਤੀ ਆਪ ਕਰਨਾ ਸਿੱਖਦਾ ਹੈ ਜਿਵੇਂ ਭੁੱਖ-ਪਿਆਸ ਲੱਗਣ ਤੇ ਮਾਂ ਨੂੰ ਦੱਸਣਾ । ਖਾਣਾ ਆਪ ਖਾਣ ਦੀ ਸਮੱਰਥਾ ਦਾ ਵੀ ਪ੍ਰਭਾਵ ਪੈਣਾ ਸ਼ੁਰੂ ਹੋ ਜਾਂਦਾ ਹੈ ਤੇ ਉਹ ਪਰਿਵਾਰਕ ਰਸਮ-ਰਿਵਾਜ ਤੇ ਕਦਰਾਂ-ਕੀਮਤਾਂ ਸਿੱਖਣਾ ਸ਼ੁਰੂ ਕਰ ਦਿੰਦਾ ਹੈ ।

**2.1.6.3 ਅੰਤਰ ਨਿਹਿਤਤਾ ਦੀ ਅਵਸਥਾ (Latency Stage)** : ਇਹ ਅਵਸਥਾ 4 ਸਾਲ ਤੋਂ 13 ਸਾਲ ਤਕ ਹੁੰਦੀ ਹੈ । ਇਸ ਸਟੇਜ ਵਿਚ ਬੱਚੇ ਨੂੰ ਪਰਿਵਾਰ ਦੇ ਮੈਂਬਰਾਂ ਦੇ ਰੁਤਬੇ ਅਤੇ ਭੂਮਿਕਾ ਬਾਰੇ ਗਿਆਨ ਹੋ ਜਾਂਦਾ ਹੈ । ਉਹ ਪਰਿਵਾਰ ਦੇ ਮੈਂਬਰਾਂ ਨਾਲ ਉਨ੍ਹਾਂ ਦੇ ਰੁਤਬੇ ਅਨੁਸਾਰ ਹੀ ਵਿਵਹਾਰ ਕਰਦਾ ਹੈ । ਉਹ ਵੱਡਿਆਂ ਦੀ ਇੱਜ਼ਤ ਕਰਨ ਦੇ ਅਰਥ ਸਮਝ ਜਾਂਦਾ ਹੈ । ਪਰਿਵਾਰ ਵਿਚ ਚਲ ਰਹੇ ਕੰਮਾਂ-ਕਾਰਾਂ ਨੂੰ ਉਹ ਪੂਰੀ ਤਰ੍ਹਾਂ ਸਮਝਣ ਲੱਗ ਜਾਂਦਾ ਹੈ । ਉਸ ਨੂੰ ਲਿੰਗੀ ਫਰਕ ਬਾਰੇ ਵੀ ਗਿਆਨ ਹੋ ਜਾਂਦਾ ਹੈ । ਇਸੇ ਕਰਕੇ ਉਹ ਘਰ ਵਿਚ ਜਾਂ ਸਕੂਲ ਵਿਚ ਵਿਵਹਾਰ ਕਰਦੇ ਸਮੇਂ ਲੜਕੇ ਤੇ ਲੜਕੀ ਨਾਲ ਉਸ ਦਾ ਵਿਵਹਾਰ ਅਲੱਗ ਅਲੱਗ ਹੁੰਦਾ ਹੈ ।

**2.1.6.4 ਕਿਸ਼ੋਰ ਅਵਸਥਾ (adolescence)** : ਇਹ ਅਵਸਥਾ 13 ਸਾਲ ਦੀ ਉਮਰ ਤੋਂ 24-25 ਸਾਲ ਦੀ ਉਮਰ ਤਕ ਹੁੰਦੀ ਹੈ । ਇਸ ਅਵਸਥਾ ਵਿਚ ਉਹ ਆਪਣੀਆਂ ਲੋੜਾਂ ਤੇ ਪੂਰਨ ਨਿਯੰਤਰਣ ਪਾਉਣਾ ਸਿੱਖ ਜਾਂਦਾ ਹੈ । ਉਸ ਦੀ ਚੇਤਨਾ ਕਾਫ਼ੀ ਵਿਕਾਸ ਕਰ ਚੁੱਕੀ ਹੁੰਦੀ ਹੈ । ਉਸ ਦਾ ਖ਼ੂਨ ਗਰਮ ਤੇ ਜੋਸ਼ੀਲਾ ਹੁੰਦਾ ਹੈ ਉਹ ਇਸ ਅਸਵਥਾ ਵਿਚ ਵਿਦਰੋਹੀ ਵੀ ਹੁੰਦਾ ਹੈ । ਉਸ ਦਾ ਵਿਵਹਾਰ ਆਪਣੇ ਮਾਤਾ-ਪਿਤਾ ਅਤੇ ਭੈਣ-ਭਰਾਵਾਂ ਪ੍ਰਤਿ ਕਾਫੀ ਬਦਲ ਜਾਂਦਾ ਹੈ । ਇਸ ਲਈ ਮਾਂ-ਬਾਪ ਲਈ ਉਸ ਉਪਰ ਨਿਯੰਤਰਣ ਰਖਣਾ ਕਾਫੀ ਮੁਸ਼ਕਿਲ ਹੋ ਜਾਂਦਾ ਹੈ । ਕਿਉਕਿ ਉਹ ਆਜ਼ਾਦੀ ਚਾਹੁੰਦਾ ਹੈ । ਜੀਵ-ਵਿਗਿਆਨਕ ਤਬਦੀਲੀਆਂ ਕਾਰਨ ਉਸ ਦੀਆਂ ਭਾਵਨਾਵਾਂ ਵਿਚ ਤਬਦੀਲੀਆਂ ਆਉਂਦੀਆਂ ਹਨ । ਉਸ ਨੂੰ ਆਪਣੇ ਤੋਂ ਦੂਸਰੇ ਲਿੰਗ ਦੇ ਲੋਕਾਂ ਪ੍ਰਤੀ ਪੁਨਰ-ਸਮੰਜਨ ਦੀ ਵੀ ਲੋੜ ਹੁੰਦੀ ਹੈ । ਇਸ ਅਵਸਥਾ ਵਿਚ ਹੀ ਉਸ ਨੂੰ ਯੋਨੀ, ਪ੍ਰਵਾਰਕ ਕੀਮਤਾਂ, ਵਿਉਪਾਰ ਅਤੇ ਪ੍ਰਚੱਲਤ ਵਿਸ਼ਵਾਸ਼ਾਂ ਵਰਗੀਆਂ ਨਵੀਆਂ ਚੀਜ਼ਾਂ ਨਾਲ ਰੂ-ਬ-ਰੂ ਹੋਣਾ ਪੈਂਦਾ ਹੈ। ਇਸ ਅਵਸਥਾ ਤੋਂ ਬਾਅਦ ਸਮਾਜ ਵਿਚ ਨਵੀ ਭੂਮਿਕਾਵਾਂ (ਜਿਵੇਂ ਪਤੀ-ਪਤਨੀ) ਨਿਭਾਉਣਾ ਸਿੱਖਦਾ ਹੈ । ਉਸ ਨੂੰ ਨਵੀਆਂ ਜਿੰਮੇਵਾਰੀਆਂ ਦਾ ਅਹਿਸਾਸ ਹੁੰਦਾ ਹੈ ਅਤੇ ਉਨ੍ਹਾਂ ਦੇ ਅਨੁਰੂਪ ਪ੍ਰਚੱਲਤ ਵਿਵਹਾਰ ਪ੍ਰਤਿਮਾਨਾਂ ਨੂੰ ਸਵੀਕਾਰ ਕਰਨਾ ਪੈਂਦਾ ਹੈ ।

## ਸਮਾਜੀਕਰਨ ਦੇ ਆਧਾਰ (Basis of Socialization)

(i) ਮੂਲ ਪ੍ਰਵ੍ਰਿਤੀ ਦੀ ਅਣਹੋਂਦ (Absence of Instinct)

(ii) ਬਾਲ ਅਵਸਥਾ ਵਿਚ ਨਿਰਭਰਤਾ

(iii) ਸਰੀਰਕ ਬਣਤਰ
(iv) ਸਿੱਖਣ ਦੀ ਯੋਗਤਾ
(v) ਭਾਸ਼ਾ

**ਆਪਣਾ ਗਿਆਨ ਪਰਖੋ**

(ੳ) ਸਮਾਜੀਕਰਨ ਤੋ ਕੀ ਭਾਵ ਹੈ ਆਪਣੇ ਸ਼ਬਦਾਂ ਵਿਚ ਲਿਖੋ ।

(ਅ) ਸਮਾਜੀਕਰਨ ਲਈ ਸਹਾਇਕ ਕਾਰਕਾਂ ਦੇ ਨਾਂ ਦਸੋ ।

(ੲ) ਸਮਾਜੀਕਰਨ ਦੇ ਪ੍ਰਕ੍ਰਿਆ ਦੇ ਕਿੰਨੇ ਸ਼ਤਰ ਹਨ ਤੇ ਕਿਹੜੇ ?

### 2.1.7 ਸਮਾਜੀਕਰਨ ਦੇ ਸਾਧਨ (Agencies of Socialization)

ਸਮਾਜੀਕਰਨ ਇਕ ਨਿਰੰਤਰ ਚਲਣ ਵਾਲੀ ਪ੍ਰਕ੍ਰਿਆ ਹੈ । ਜਨਮ ਤੋਂ ਮਰਨ ਤਕ, ਭਾਵ ਸਾਰੀ ਜ਼ਿੰਦਗੀ ਹੀ ਕਿਰਿਆਤਮਕ ਰਹਿੰਦੀ ਹੈ । ਸਮਾਜੀਕਰਨ 'ਦੂਸਰੀਆਂ' ਨਾਲ ਅੰਤਰ ਕ੍ਰਿਆ (Interaction) ਕਰਕੇ ਹੀ ਸੰਭਵ ਹੁੰਦਾ ਹੈ ਤੇ ਇਹੀ ਸਮਾਜੀਕਰਨ ਦਾ ਮੁੱਖ ਸਾਧਨ ਹੈ । ਇਹ ਸਾਧਨ ਪਰਸਪਰ ਅੱਗੜ-ਪਿੱਛੜ, ਕ੍ਰਮ-ਬੱਧੀ, ਵਿਅਕਤੀ ਨੂੰ ਜ਼ਿੰਦਗੀ ਦੇ ਇਕ ਪੜਾਅ ਤੋਂ ਦੂਸਰੇ ਪੜਾਅ ਵੱਲ ਲੈ ਜਾਂਦਾ ਹੈ । ਇਕ ਨਵ-ਜਨਮਿਆ ਬੱਚਾ ਸਮਾਜਕ ਤੌਰ ਤੇ ਖਾਲੀ ਹੁੰਦਾ ਹੈ ਪ੍ਰੰਤੂ ਛੇਤੀ ਹੀ ਆਲੇ ਦੁਆਲੇ ਰਹਿੰਦੇ ਵਿਅਕਤੀਆਂ ਨਾਲ ਅੰਤਰਕ੍ਰਿਆਵਾਂ ਸ਼ੁਰੂ ਕਰ ਦਿੰਦਾ ਹੈ । ਸ਼ੁਰੂ ਸ਼ੁਰੂ ਵਿਚ ਬੱਚੇ ਦਾ ਝੁਕਾਅ ਆਪਣੇ ਮਾਪਿਆਂ ਵੱਲ ਵਧੇਰੇ ਹੁੰਦਾ ਹੈ ਕਿਉਂਕਿ ਉਹ ਉਸਦੇ ਨਜ਼ਦੀਕ ਹੁੰਦੇ ਹਨ । ਸਮੇਂ ਦੇ ਗੁਜ਼ਰਨ ਨਾਲ 'ਦੂਸਰੇ' ਵੀ ਬੱਚੇ ਦੇ ਆਪੇ ਨੂੰ ਪ੍ਰਭਾਵਿਤ ਕਰਦੇ ਹਨ । ਅਸੀ ਇਥੇ ਸਮਾਜੀਕਰਨ ਦੇ ਕੁਝ ਕੁ ਮੁਖ ਸਾਧਨਾਂ ਬਾਰੇ ਵਿਚਾਰ ਕਰਾਂਗੇ ।

#### 2.1.7.1 ਪਰਿਵਾਰ (Family)

ਪਰਿਵਾਰ ਸਮਾਜੀਕਰਨ ਦਾ ਸਭ ਤੋਂ ਪਹਿਲਾਂ ਅਤੇ ਮਹੱਤਵਪੂਰਨ ਸਾਧਨ ਹੈ । ਪਰਿਵਾਰ ਖ਼ੂਨ ਦੇ

ਰਿਸ਼ਤੇ ਨਾਲ ਜੁੜਿਆ ਇਕ ਸਥਾਈ ਸਮੂੰਹ ਹੁੰਦਾ ਹੈ । ਦਾਦਾ-ਦਾਦੀ, ਮਾਤਾ ਪਿਤਾ, ਭੈਣ-ਭਰਾ, ਬੱਚੇ ਜਿਸ ਦੀ ਇਕ ਵੱਖਰੀ ਸਰੀਰਕ ਬਣਤਰ ਹੁੰਦੀ ਹੈ, ਨੂੰ ਬਦਲਣ ਲਈ ਜੜ੍ਹਾਂ ਦਾ ਕੰਮ ਕਰਦੇ ਹਨ ਤਾਂ ਜੋ ਬੱਚਾ ਆਪਣੀ ਹੈਸੀਅਤ ਮੁਤਾਬਕ ਸਮਾਜ ਵਿਚ ਸ਼ਾਮਲ ਹੋ ਸਕੇ । ਇਹ ਪਰਿਵਾਰ ਹੀ ਹੁੰਦਾ ਹੈ ਜਿਥੇ ਬੱਚਾ ਸਮਾਜਕ ਮਾਨਤਾ ਪ੍ਰਾਪਤ ਜ਼ਰੂਰਤਾਂ ਨੂੰ ਪੂਰਾ ਕਰਨਾ ਸਿੱਖਦਾ ਹੈ । ਸਭ ਤੋਂ ਪਹਿਲਾਂ ਬੱਚਾ ਭਾਸ਼ਾ ਸਿੱਖਦਾ ਹੈ ਜੋ ਕਿ ਸਮਾਜੀਕਰਨ ਦਾ ਮੁੱਢਲਾ ਧੁਰਾ ਹੈ । ਸ਼ੁਰੂ ਸ਼ੁਰੂ ਵਿਚ ਬੱਚੇ ਦੀ ਮਾਂ ਜੋ ਸਮਾਜੀਕਰਨ ਦਾ ਮੁੱਢਲਾ ਸਾਧਨ ਹੈ, ਬੱਚੇ ਨੂੰ ਪ੍ਰੇਰਦੀ ਹੈ ਜਿਵੇਂ ਕਿ 'ਚੁੱਪ ਰਹੋ', ਸਿੱਧੇ ਬੈਠੋ', 'ਰੌਲਾ ਨਾ ਪਾਓ', 'ਵੱਡਿਆਂ ਦਾ ਕਹਿਣਾ ਮੰਨੋ' । ਇਸੇ ਹੀ ਅਵਸਥਾ ਵਿਚ ਬੱਚਾ ਆਪਣੇ ਆਲੇ ਦੁਆਲੇ ਰਹਿੰਦੇ ਵਿਅਕਤੀ ਦੀ ਨਕਲ ਕਰਦਾ ਹੈ । ਉਹ ਆਪਣੇ ਸਮੂੰਹ ਦੀਆਂ ਆਦਤਾਂ ਗੁਣਾਂ ਤੇ ਰਿਵਾਜਾਂ ਨੂੰ ਗ੍ਰਹਿਣ ਕਰਦਾ ਹੈ ਅਤੇ ਉਨ੍ਹਾਂ ਮੁਤਾਬਿਕ ਹੀ ਕਾਰਜ ਤੇ ਵਿਵਹਾਰ ਕਰਦਾ ਹੈ । ਪਰਿਵਾਰਕ ਵਾਤਾਵਰਣ ਦਾ ਬੱਚੇ ਉਪਰ ਡੂੰਘਾ ਪ੍ਰਭਾਵ ਪੈਂਦਾ ਹੈ ਇਕ ਘਟੀਆਂ ਪਰਿਵਾਰ ਵਿਚ ਬੱਚਾ ਗੰਦੀਆਂ ਆਦਤਾਂ ਸਿੱਖਦਾ ਹੈ ਜਦੋਂ ਕਿ ਚੰਗੇ ਪਰਿਵਾਰ ਵਿਚੋਂ ਚੰਗੀਆਂ ਆਦਤਾਂ । ਆਮ ਤੌਰ ਤੇ ਬਾਲ-ਅਪਚਾਰ (Juvenile Delinquency) ਮਾੜੇ ਪਰਿਵਾਰਕ ਵਾਤਾਵਰਨ ਦਾ ਹੀ ਸਿੱਟਾ ਹੁੰਦਾ ਹੈ ।

ਸੋ ਇਹ ਪਰਿਵਾਰ ਹੀ ਹੁੰਦਾ ਹੈ, ਜਿਥੇ ਕੋਈ ਵਿਅਕਤੀ ਸਭਿਆਚਾਰ ਨੂੰ ਗ੍ਰਹਿਣ ਕਰਨਾ ਸ਼ੁਰੂ ਕਰਦਾ ਹੈ ਅਤੇ ਉਸ ਸਭਿਆਚਾਰ ਦੇ ਮੁਤਾਬਕ ਆਪਣੇ ਵਤੀਰੇ ਨੂੰ ਮੋੜਦਾ ਹੈ । ਪਰਿਵਾਰ ਵਿਚੋਂ ਹੀ ਬੱਚਾ ਬੋਲਣਾ ਤੇ ਖਾਣਾ ਪੀਣਾ ਸਿੱਖਦਾ ਹੈ । ਮਿਲਵਰਤਨ, ਹਮਦਰਦੀ ਕੁਰਬਾਨੀ ਤੇ ਪਿਆਰ ਦਾ ਸਬਕ ਵੀ ਪਰਿਵਾਰ ਵਿਚੋਂ ਹੀ ਮਿਲਦਾ ਹੈ । ਇਹ ਕਿਹਾ ਜਾ ਸਕਦਾ ਹੈ ਕਿ ਪਰਿਵਾਰ ਸਮਾਜੀਕਰਨ ਦੀ ਪ੍ਰਕਿਰਿਆ ਦੀ ਸਭ ਤੋਂ ਮੁੱਢਲੀ ਕੜੀ ਹੈ ਜੋ ਵਿਅਕਤੀ ਦੀ ਸ਼ਖਸੀਅਤ ਨੂੰ ਪ੍ਰਭਾਵਤ ਕਰਦੀ ਹੈ ।

### 2.1.7.2 ਸਕੂਲ (School)

ਅਜੋਕੇ ਯੁੱਗ ਵਿਚ ਸਕੂਲ ਸਮਾਜੀਕਰਨ ਦਾ ਪ੍ਰਮੁੱਖ ਸੋਮਾ ਕਿਹਾ ਜਾ ਸਕਦਾ ਹੈ । ਇਹ ਸਕੂਲ ਹੀ ਹੁੰਦਾ ਹੈ ਜੋ ਬੱਚੇ ਨੂੰ ਹੋਰ ਬੱਚਿਆਂ ਨਾਲ ਮਿਲਾਉਂਦਾ ਹੈ ਜੋ ਉਸ ਨੂੰ ਪ੍ਰਭਾਵਿਤ ਕਰਦੇ ਹਨ । ਸਕੂਲ ਬੱਚੇ ਦੀ ਜਿੰਦਗੀ ਨੂੰ ਬਹੁਤ ਤੇਜ਼ੀ ਨਾਲ ਬਦਲਦਾ ਹੈ, ਕਿਉਂਕਿ ਪਰਿਵਾਰ ਵਿਚ ਆਮ ਤੌਰ ਤੇ ਭਾਵਾਤਮਕ (Emotional) ਸੰਬੰਧ ਹੁੰਦੇ ਹਨ । ਸਕੂਲ ਵਿਚ ਸੰਬੰਧ ਭਾਵਆਤਮਕ ਨਾ ਹੋ ਕੇ ਸਗੋਂ ਅਸੂਲਾਂ ਉੱਤੇ ਆਧਾਰਿਤ ਹੁੰਦੇ ਹਨ ਅਤੇ ਬੱਚਿਆਂ ਨੂੰ ਉਨ੍ਹਾਂ ਅਸੂਲਾਂ ਨੂੰ ਪਾਲਣਾ ਪੈਂਦਾ ਹੈ । ਜਦੋਂ ਬੱਚਾ ਸਕੂਲ ਵਿਚ ਪ੍ਰਵੇਸ਼ ਕਰਦਾ ਹੈ ਤਾਂ ਉਹ ਆਪਣੇ ਪਰਿਵਾਰ ਤੋਂ ਵੱਖਰੇ ਲੋਕਾਂ ਨੂੰ ਮਿਲਦਾ ਹੈ । ਇਸ ਤੋਂ ਛੁੱਟ ਸਕੂਲ ਇਕ ਅਜਿਹੀ ਸੰਸਥਾ ਹੁੰਦੀ ਹੈ ਜਿਥੇ ਹਰ ਜਾਤ ਅਤੇ ਧਰਮ ਦੇ ਬੱਚੇ ਇੱਕੋ ਛੱਤ ਥੱਲੇ ਇਕੱਠੇ ਹੁੰਦੇ ਹਨ । ਇਸ ਅਵਸਥਾ ਦੌਰਾਨ ਬੱਚਾ ਦੂਸਰਿਆਂ ਨੂੰ ਮਿਲ ਕੇ ਉਨ੍ਹਾਂ ਦੀਆਂ ਆਦਤਾਂ ਤੇ ਗੁਣਾਂ ਤੋਂ ਪ੍ਰਭਾਵਿਤ ਹੁੰਦਾ ਹੈ ।

### 2.1.7.3 ਸਾਥੀ ਗਰੁੱਪ (Peer Group)

ਇਹ ਸਮਾਜੀਕਰਨ ਦਾ ਇਕ ਬਹੁਤ ਮਹੱਤਵਪੂਰਨ ਸਾਧਨ ਹੈ । ਪਰਿਵਾਰ ਅਤੇ ਸਕੂਲ ਵਿਚ ਬੱਚਿਆਂ ਨੂੰ ਨਿਯਮਾਂ ਦੀ ਪਾਲਣਾ ਕਰਨੀ ਪੈਂਦੀ ਹੈ ਜੋ ਬੱਚੇ ਬਹੁਤ ਵਾਰੀ ਨਾ ਤਾਂ ਪਸੰਦ ਕਰਦੇ ਹਨ ਅਤੇ ਨਾ ਹੀ ਉਹਨਾਂ ਦਾ ਮਤਲਬ ਸਮਝਦੇ ਹਨ । ਸਾਥੀ ਗਰੁੱਪ ਆਮ ਤੌਰ ਤੇ ਗੁਆਢੀਆਂ ਦੇ ਬੱਚੇ, ਸਕੂਲ ਸਾਥੀ, ਖੇਡ ਸਾਥੀ ਜਾਂ ਦੋਸਤਾਂ ਦਾ ਬਣਿਆ ਹੁੰਦਾ ਹੈ । ਹਰ ਸਾਥੀ ਗਰੁੱਪ ਦਾ ਆਪਣਾ ਹੀ ਢਾਂਚਾ, ਨਿਯਮ ਅਤੇ ਅਸੂਲ ਹੁੰਦੇ ਹਨ ਤੇ ਆਪਣੀ ਬੋਲੀ ਹੁੰਦੀ ਹੈ ਜੋ ਬੱਚਿਆਂ ਦੇ ਆਪਣੇ ਨਿਯਮਾਂ ਦੇ ਝੁਕਾਵਾਂ ਉੱਤੇ ਨਿਰਭਰ ਕਰਦੀ ਹੈ । ਸਾਥੀ ਗਰੁੱਪ ਵਿਚ ਬੱਚੇ ਨੂੰ ਬਰਾਬਰਤਾ ਦਾ ਅਹਿਸਾਸ ਹੁੰਦਾ ਹੈ । ਇਸ ਪਰਿਕਿਰਿਆ ਵਿਚੋਂ ਬੱਚਾ ਲੈਣ ਦੇਣ ਕਰਦਾ ਹੈ ਜੋ ਕਿ ਆਮ ਤੌਰ ਤੇ ਵੱਡੀ ਉਮਰ ਦੇ ਲੋਕਾਂ ਨਾਲ ਸੰਭਵ

ਨਹੀਂ ਹੈ । ਸਾਥੀ ਗਰੁੱਪ ਦਾ ਇਕ ਮਹੱਤਵਪੂਰਨ ਪਹਿਲੂ ਇਹ ਵੀ ਹੁੰਦਾ ਹੈ ਕਿ ਇਸ ਵਿਚ ਬੱਚੇ ਲਿੰਗ ਸੰਬੰਧੀ ਗਿਆਨ ਵੀ ਸਾਂਝਾ ਕਰਦੇ ਹਨ ਜੋ ਕਿ ਬੱਚੇ ਵਡੇਰੀ ਉਮਰ ਦੇ ਲੋਕਾਂ ਨਾਲ ਸਾਂਝਾ ਕਰਨ ਤੋਂ ਸੰਗਦੇ ਹਨ । ਸਾਥੀ ਗਰੁੱਪ ਵਿਚ ਬੱਚੇ ਨੂੰ ਬਰਾਬਰਤਾ, ਸਹਿਯੋਗ ਤੇ ਚੰਗੇਪਨ ਦੀ ਭਾਵਨਾ ਦਾ ਤਜ਼ਰਬਾ ਹੁੰਦਾ ਹੈ । ਸਾਥੀ ਗਰੁੱਪ ਵਿਚੋਂ ਲੰਘ ਕੇ ਬੱਚਾ ਜ਼ਿੰਦਗੀ ਦੇ ਨਵੇਂ ਪੜਾਅ ਵਿਚ ਸ਼ਾਮਿਲ ਹੁੰਦਾ ਹੈ।

### 2.1.7.4 ਧਰਮ (Religion)

ਧਰਮ ਵੀ ਸਮਾਜੀਕਰਨ ਦਾ ਵਿਸ਼ੇਸ਼ ਸਾਧਨ ਹੈ । ਹਰ ਪਰਿਵਾਰ, ਥੋੜ੍ਹਾ ਜਾਂ ਬਹੁਤਾ, ਧਰਮ ਵਿਚ ਵਿਸ਼ਵਾਸ਼ ਰੱਖਦਾ ਹੈ ਅਤੇ ਧਰਮ ਵਿਅਕਤੀ ਦੇ ਵਿਵਹਾਰ ਨੂੰ ਮੋੜਦਾ ਹੈ । ਧਰਮ ਸਮਾਜ ਵਿਚ ਕੁਝ ਅਸੂਲ ਪ੍ਰਦਾਨ ਕਰਦਾ ਹੈ ਅਤੇ ਲੋਕਾਂ ਕੋਲੋਂ ਉਨ੍ਹਾਂ ਅਸੂਲਾਂ ਦੇ ਮੁਤਾਬਕ ਵਤੀਰੇ ਦੀ ਆਸ ਕੀਤੀ ਜਾਂਦੀ ਹੈ। ਇਹ ਧਰਮ ਹੀ ਹੈ ਜੋ ਮੁਸਲਮਾਨ ਨੂੰ ਪੰਜ ਵਕਤ ਬਕਾਇਦਾ ਨਮਾਜ਼ ਪੜ੍ਹਨ ਲਈ ਪ੍ਰੇਰਦਾ ਹੈ ਇਸੇ ਤਰ੍ਹਾਂ ਧਰਮ ਸਿੱਖਾਂ ਨੂੰ ਤੜਕੇ ਉਠਣ, ਇਸ਼ਨਾਨ ਕਰਨ ਅਤੇ ਬਾਣੀ ਪੜ੍ਹਨ ਲਈ ਪ੍ਰੇਰਦਾ ਹੈ ਇਸੇ ਕਰਕੇ ਧਰਮ ਦਾ ਵਿਅਕਤੀ ਉੱਤੇ ਡੂੰਘਾ ਅਸਰ ਹੁੰਦਾ ਹੈ । ਇਹ ਮਨੁੱਖ ਨੂੰ ਕਾਮ, ਕ੍ਰੋਧ, ਲੋਭ, ਮੋਹ ਤਿਆਗਣ ਲਈ ਪ੍ਰੇਰਦਾ ਹੈ ।

### 2.1.7.5 ਸੰਚਾਰ ਮਾਧਿਅਮ (Mass Media)

ਆਧੁਨਿਕ ਸਮੇਂ ਵਿਚ ਸੰਚਾਰ ਮਾਧਿਅਮ ਜਿਵੇਂ ਕਿ ਰੇਡੀਓ, ਟੈਲੀਵੀਜ਼ਨ, ਫਿਲਮਾਂ, ਸਾਹਿਤ ਤੇ ਅਖਬਾਰਾਂ ਇਨਸਾਨੀ ਜ਼ਿੰਦਗੀ ਦਾ ਅਟੁੱਟ ਹਿੱਸਾ ਬਣ ਗਏ ਹਨ ਅਤੇ ਇਹ ਵਿਅਕਤੀ ਦੇ ਵਿਸ਼ਵਾਸ਼ਾਂ ਕਦਰਾਂ-ਕੀਮਤਾਂ ਤੇ ਰਹੁ-ਰੀਤਾਂ ਉੱਤੇ ਪ੍ਰਭਾਵ ਪਾਉਦੇ ਹਨ । ਅਜੋਕੇ ਸਮਾਜ ਦੇ ਹਰ ਪਹਿਲੂ ਚ ਲੋਕਾਂ ਦਾ ਇੱਕ ਵੱਡਾ ਸਾਧਨ ਸੰਚਾਰ ਮਾਧਿਅਮ ਹੈ । ਉਦਾਹਰਣ ਲਈ ਜੇਕਰ ਕੋਈ ਵਿਅਕਤੀ ਚੰਗਾ ਸਾਹਿਤ ਪੜ੍ਹਦਾ ਹੈ ਤਾਂ ਉਹ ਅੱਛਾ ਇਨਸਾਨ ਬਣ ਸਕਦਾ ਹੈ । ਜਦੋਂ ਕਿ ਮਾੜਾ ਤੇ ਘਟੀਆ ਸਾਹਿਤ ਪੜ੍ਹਨ ਵਾਲਾ ਬੁਰਾ ਇਨਸਾਨ ਬਣ ਸਕਦਾ ਹੈ । ਇਸ ਤਰ੍ਹਾਂ ਚੰਗੀਆਂ ਫਿਲਮਾਂ ਕਿਸੇ ਨੂੰ ਦੇਸ਼-ਭਗਤ ਬਣਾ ਸਕਦੀਆਂ ਹਨ ਜਦ ਕਿ ਮਾੜੀਆਂ ਫਿਲਮਾਂ ਤਬਾਹੀ ਦੇ ਰਸਤੇ ਵੱਲ ਲਿਜਾ ਸਕਦੀਆਂ ਹਨ।

### 2.1.7.6 ਰਾਜ (State)

ਰਾਜ ਦੀ ਵਿਅਕਤੀ ਦੇ ਸਮਾਜੀਕਰਨ ਵਿਚ ਹਿੱਸਾ ਪਾਉਂਦਾ ਹੈ। ਰਾਜ ਦੇਸ਼ ਵਾਸੀਆਂ ਦੇ ਵਤੀਰੇ ਤੇ ਕਾਰਜ ਨੂੰ ਮੋੜਦਾ ਹੈ ਤੇ ਇਕ ਹੱਦ ਤੋਂ ਬਾਹਰ ਕਿਸੇ ਵਤੀਰੇ ਜਾਂ ਕਾਰਜ ਦੀ ਇਜ਼ਾਜਤ ਨਹੀਂ ਦਿੱਤੀ ਜਾਂਦੀ। ਰਾਜ ਕਈ ਤਰ੍ਹਾਂ ਦੇ ਕਾਨੂੰਨ ਤੇ ਨਿਯਮ ਬਣਾਉਂਦਾ ਹੈ ਜਿਨ੍ਹਾਂ ਦੀ ਪਾਲਣਾ ਕਰਨਾ ਹਰ ਦੇਸ਼ ਵਾਸੀ ਲਈ ਜ਼ਰੂਰੀ ਹੁੰਦਾ ਹੈ । ਜੇਕਰ ਕੋਈ ਮਨੁੱਖ ਇਹਨਾਂ ਨਿਯਮਾਂ ਦੀ ਪਾਲਣਾ ਨਹੀਂ ਕਰਦਾ ਤਾਂ ਉਸ ਨੂੰ ਦੰਡ ਆਦਿ ਦੇ ਕੇ ਸਿੱਧੇ ਰਸਤੇ ਉੱਤੇ ਲਿਆਇਆ ਜਾਂਦਾ ਹੈ।

### 2.1.8 ਸਾਰ

ਉਪਰੋਕਤ ਚਰਚਾ ਤੋਂ ਅਸੀਂ ਇਸ ਸਿੱਟੇ ਤੇ ਪਹੁੰਚਦੇ ਹਾਂ ਕਿ ਸਮਾਜੀਕਰਨ ਦੀ ਪ੍ਰਕ੍ਰਿਆ ਹਰ ਵਿਅਕਤੀ ਲਈ ਅਤਿ ਜ਼ਰੂਰੀ ਹੈ ਤਾਂ ਕਿ ਉਹ ਸਮਾਜ ਦਾ ਹਿੱਸਾ ਬਣਕੇ ਉਸ ਵਿੱਚ ਵਿਚਰ ਸਕੇ । ਸਮਾਜੀਕਰਨ ਤੋਂ ਬਿਨਾਂ ਮਨੁੱਖ ਪਸ਼ੂਆਂ ਸਮਾਨ ਹੈ । ਜੇਕਰ ਵਿਅਕਤੀਆਂ ਦਾ ਸਮਾਜੀਕਰਨ ਨਾ ਹੋਵੇ ਤਾਂ ਸਮਾਜਿਕ ਵਿਵਸਥਾ ਵਿਚ ਵਿਚਲਨ ਦੀ ਸਥਿਤੀ ਪੈਦਾ ਹੋ ਸਕਦੀ ਹੈ । ਸਮਾਜਿਕ ਵਿਵਸਥਾ ਨੂੰ ਬਣਾਏ ਰਖਣ ਲਈ ਹਰੇਕ ਵਿਅਕਤੀ ਤੋਂ ਇਹ ਉਮੀਦ ਕੀਤੀ ਜਾਂਦੀ ਹੈ ਕਿ ਉਹ ਸਮੂਹ ਦੇ ਨਿਯਮਾਂ ਅਨੁਸਾਰ ਆਪਣੀ ਭੂਮਿਕਾ ਨਿਭਾਵੇ । ਸਮਾਜੀਕਰਨ ਦੀ ਪ੍ਰਕ੍ਰਿਆ ਦਾ ਕੋਈ ਖਾਸ ਸਮਾਂ ਨਹੀਂ ਹੁੰਦਾ ਇਹ ਤਾਂ ਜਨਮ ਤੋਂ ਲੈ ਕੇ ਅੰਤ ਤੱਕ ਹੋਣ ਵਾਲੀ ਪ੍ਰਕ੍ਰਿਆ ਹੈ । ਜੀਵਨ ਦੇ ਵੱਖ-ਵੱਖ ਪੜ੍ਹਾਵਾਂ ਤੇ ਵੱਖ ਵੱਖ ਤਰ੍ਹਾਂ ਦਾ

ਸਮਾਜੀਕਰਨ ਹੁੰਦਾ ਹੈ ਅਤੇ ਇਸ ਪ੍ਰਕ੍ਰਿਆ ਦੇ ਮਾਧਿਅਮ ਵੀ ਵੱਖੋ-ਵੱਖਰੇ ਹਨ । ਕਦੇ ਇਹ ਨਕਲ ਦੁਆਰਾ, ਕਦੇ ਸੁਝਾਅ, ਪਛਾਣ ਜਾਂ ਭਾਸ਼ਾ ਦੁਆਰਾ ਸਮਾਜੀਕਰਨ ਹੁੰਦਾ ਹੈ । ਇਸੇ ਤਰ੍ਹਾਂ ਇਹ ਕਿਸੇ ਇਕ ਸਾਧਨ (Agency) ਦੁਆਰਾ ਹੋਂਦ ਵਿਚ ਆਉਣ ਵਾਲੀ ਪ੍ਰਕ੍ਰਿਆ ਨਹੀਂ ਬਲਕਿ ਸਮੇਂ ਸਮੇਂ ਸਿਰ ਤਰ੍ਹਾਂ-ਤਰ੍ਹਾਂ ਦੇ ਸਾਧਨਾਂ ਜਿਵੇਂ ਪਰਿਵਾਰ, ਗੁਆਢ, ਸਕੂਲ, ਦਫਤਰ, ਧਰਮ, ਕਾਨੂੰਨ ਅਤੇ ਹੋਰ ਸੰਸਥਾਵਾਂ ਰਾਹੀਂ ਇਹ ਪ੍ਰਕ੍ਰਿਆ ਜਾਰੀ ਰਹਿੰਦੀ ਹੈ ।

## 2.1.9 ਮੁੱਖ ਸ਼ਬਦ

**ਸਮਾਜੀਕਰਨ** : ਇਕ ਜੀਵ ਨੂੰ ਸਮਾਜੀ ਜੀਵ ਵਿਚ ਬਦਲਣ ਦੀ ਪ੍ਰਕ੍ਰਿਆ ਨੂੰ ਸਮਾਜੀਕਰਨ ਕਹਿੰਦੇ ਹਨ ।

**ਚੇਤੰਨ** : ਜਦੋਂ ਅਸੀ ਕਿਸੇ ਚੀਜ਼ ਪ੍ਰਤੀ ਪੂਰੇ ਜਾਗਰੁਕ ਹੋਕੇ ਵਿਵਹਾਰ ਕਰਦੇ ਹਾਂ ।

**ਅਚੇਤੰਨ** : ਜਦੋਂ ਅਸੀ ਅਚਾਨਕ ਜਾਂ ਬਿਨਾਂ ਜਾਣੇ ਬੁਝੇ ਕੋਈ ਵਿਵਹਾਰ ਕਰਦੇ ਹਾਂ ।

**ਕਦਰਾਂ ਜਾਂ ਪ੍ਰਤਿਮਾਨ** ਮਨੁੱਖੀ ਸਮਾਜ ਦੁਆਰਾ ਆਪਣੇ ਮੈਂਬਰਾਂ ਦੇ ਵਾਤੀਰੇ ਨੂੰ ਨਿਯਮਤ ਕਰਨ ਲਈ ਬਣਾਏ ਗਏ ਨਿਯਮ ਜਿਸਨੂੰ ਹਰ ਵਿਅਕਤੀ ਨੂੰ ਮੰਨਣਾ ਲਾਜਮੀ ਹੈ ।

**ਕੀਮਤਾਂ** : ਇਹ ਸਮਾਜ ਦੀ ਮਨਜ਼ੂਰੀ ਪ੍ਰਾਪਤ ਇਛਾਵਾਂ ਅਤੇ ਉਦੇਸ਼ ਹਨ ਜਿਨ੍ਹਾਂ ਨੂੰ ਮੰਨਣਾ ਵਿਅਕਤੀ ਦੀ ਮਰਜੀ ਹੈ।

## 2.1.10 ਅਭਿਆਸ ਲਈ ਪ੍ਰਸ਼ਨ

### ਵੱਡੇ ਪ੍ਰਸ਼ਨ

1. ਸਮਾਜੀਕਰਨ ਕਿਸਨੂੰ ਆਖਦੇ ਹਨ ? ਇਸ ਪ੍ਰਕ੍ਰਿਆਂ ਦੇ ਕਿਹੜੇ ਮੁੱਖ ਕਾਰਕ ਹਨ ?
2. ਸਮਾਜੀਕਰਨ ਕਿਸਨੂੰ ਆਖਦੇ ਹਨ ? ਇਸ ਪ੍ਰਕ੍ਰਿਆ ਦੇ ਕਿਹੜੇ ਪੜਾਅ ਜਾਂ ਸਤਰ ਹਨ ?
3. ਵੱਖ ਵੱਖ ਸਮੇਂ ਤੇ ਸਮਾਜੀਕਰਨ ਕਰਨ ਵਾਲੇ ਸਾਧਨਾਂ ਨੂੰ ਖੋਲ੍ਹ ਕੇ ਬਿਆਨ ਕਰੋ ।
4. ਕੀ ਸਮਾਜੀਕਰਨ ਦਾ ਪ੍ਰਕ੍ਰਿਆ ਜਨਮ ਤੋਂ ਲੈ ਕੇ ਅੰਤ ਤੱਕ ਜਾਰੀ ਰਹਿੰਦੀ ਹੈ । ਇਸ ਕਥਨ ਦੀ ਪੁਸ਼ਟੀ ਕਰੋ ।

### ਸੰਖੇਪ ਪ੍ਰਸ਼ਨ

(ੳ) ਸਮਾਜੀਕਰਨ
(ਅ) ਮੌਖਿਕ ਅਵਸਥਾ
(ੲ) ਗੁੱਦਾ ਅਵਸਥਾ
(ਸ) ਅੰਤਰ ਨਿਹਤਤਾ
(ਹ) ਕਿਸ਼ੋਰ ਅਵਸਥਾ

## 2.1.11 ਉਪਯੋਗੀ ਪੁਸਤਕਾਂ

Johnson H.M. : Sociology
Davis Kingsle : Human Society
Maciver : The elements of Social Science
Sawinderjeet Kaur : Samaj Vigyan De Mool Sankalap (Punjabi)
Shankar Rao C.N. : Sociology
http://en.wikipedia.org : Wikipedia, The free encyclopedia.

ਪਾਠ ਨੰ: 2.2 ਲੇਖਿਕਾ : ਡਾ. ਹਰਿੰਦਰ ਕੌਰ

**Last Updated: August, 2023**

# ਆਪੇ ਦਾ ਵਿਕਾਸ : ਕੂਲੇ, ਫਰੋਇਡ ਅਤੇ ਮੀਡ

# (Development of Self : Cooley, Freud and Mead)

**ਬਣਤਰ**


2.2.1 ਉਦੇਸ਼

2.2.2 ਜਾਣ ਪਛਾਣ

2.2.3 ਕੂਲੇ ਦੇ ਆਪੇ ਦੇ ਵਿਕਾਸ ਦਾ ਸੰਕਲਪ

2.2.4 ਮੀਡ ਦੇ ਆਪੇ ਦੇ ਵਿਕਾਸ ਦਾ ਸੰਕਲਪ

2.2.4.1 ਆਰੰਭਿਕ ਪੜਾਅ

2.2.4.2 ਖੇਡ ਪੜਾਅ

2.2.4.3 ਪ੍ਰਤੀਯੋਗਤਾ ਪੜਾਅ

2.2.5 ਫਰੋਇਡ ਦਾ ਸਮਾਜੀਕਰਣ ਦਾ ਸਿਧਾਂਤ

2.2.5.1 ਮੌਖਿਕ ਅਵਸਥਾ

2.2.5.2 ਗੁੱਦਾ ਅਵਸਥਾ

2.2.5.3 ਅੰਤਰ ਨਿਹਤਿਤਾ

2.2.5.4 ਕਿਸ਼ੋਰ ਅਵਸਥਾ

2.2.6 ਫਰਾਇਡ ਦਾ ਮਨੋ ਵਿਸ਼ਲੇਸ਼ਣ ਦਾ ਸਿਧਾਂਤ

2.2.6.1 ਅਚੇਤ ਮਨ

2.2.6.2 ਅਰਧ-ਅਚੇਤ ਮਨ

2.2.6.3 ਸੁਚੇਤ ਮਨ

2.2.7 ਫਰਾਇਡ ਦਾ ਆਪੇ ਦੇ ਵਿਕਾਸ ਦਾ ਸੰਕਲਪ

2.2.7.1 ਇਡ

2.2.7.2 ਈਗੋ

2.2.7.3 ਸੁਪਰਈਗੋ

2.2.8 ਸਾਰ

2.2.9 ਮੁੱਖ ਸ਼ਬਦ

2.2.10 ਅਭਿਆਸ ਲਈ ਪ੍ਰਸ਼ਨ

2.2.11 ਉਪਯੋਗੀ ਪੁਸਤਕਾਂ


## 2.2.1 ਉਦੇਸ਼

ਇਸ ਪਾਠ ਨੂੰ ਪੜਨ ਉਪਰੰਤ ਤੁਸੀਂ ਜਾਣ ਸਕੋਗੇ ਕਿ :

- ਆਪੇ ਦਾ ਵਿਕਾਸ ਕਿਵੇਂ ਹੁੰਦਾ ਹੈ ?

- ਸੀ. ਐਚ. ਕੂਲੇ ਅਨੁਸਾਰ ਆਪੇ ਦਾ ਵਿਕਾਸ ਕਿਵੇਂ ਹੁੰਦਾ ਹੈ ?
- ਆਪੇ ਦਾ ਵਿਕਾਸ ਬਾਰੇ ਫਰੌਇਡ ਦੇ ਵਿਚਾਰ ।
- ਮੀਡ ਦਾ ਆਪੇ ਦੇ ਵਿਕਾਸ ਦਾ ਸਿਧਾਂਤ ।

### 2.2.2 ਜਾਣ-ਪਛਾਣ

ਸਮਾਜੀਕਰਨ ਦੀ ਮਹੱਤਤਾ ਮਨੁੱਖੀ ਜੀਵਨ ਵਿੱਚ ਕਿੰਨੀ ਕੁ ਹੈ ਇਸ ਦਾ ਜ਼ਿਕਰ ਅਸੀਂ ਪਹਿਲਾਂ ਕਰ ਚੁੱਕੇ ਹਾਂ । ਇਸ ਭਾਗ ਵਿੱਚ ਤਾਂ ਅਸੀ ਇਹ ਵੇਖਣਾ ਹੈ ਕਿ ਇਹ ਪ੍ਰਕਿਆ ਹੋਂਦ ਵਿਚ ਕਿਸ ਤਰ੍ਹਾਂ ਆਉਂਦੀ ਹੈ ਉਹ ਕਿਹੜੀਆਂ ਵਿਧੀਆਂ ਹਨ ਜੋ ਇਸ ਨੂੰ ਮੁਕੰਮਲ ਕਰਨ ਵਿਚ ਸਹਾਈ ਹੁੰਦੀਆਂ ਹਨ । ਇਸ ਬਾਰੇ ਅੱਡ-ਅੱਡ ਸਮਾਜ ਵਿਗਿਆਨੀਆਂ ਨੇ ਆਪਣੀ-ਆਪਣੀ ਕਾਰਜ ਕੁਸ਼ਲਤਾ (specialization) ਦੇ ਅਨੁਸਾਰ ਵੱਖ-ਵੱਖ ਸਿਧਾਂਤ ਪੇਸ਼ ਕੀਤੇ ਹਨ ਇਨ੍ਹਾਂ ਸਾਰੇ ਸਿਧਾਂਤਾਂ ਦਾ ਜ਼ਿਕਰ ਕਰਨਾ ਤਾਂ ਮੁਸ਼ਕਿਲ ਹੈ ਪਰ ਇਨ੍ਹਾਂ ਵਿਚੋਂ ਤਿੰਨ ਅਜਿਹੇ ਹਨ ਜਿਨ੍ਹਾਂ ਨੂੰ ਦੱਸੇ ਬਿਨਾਂ ਗੱਲ ਨੇ ਸਿਰੇ ਨਹੀਂ ਚੜ੍ਹਨਾ । ਇਨ੍ਹਾਂ ਵਿੱਚੋਂ ਦੋ ਤਾਂ ਸਮਾਜ ਵਿਗਿਆਨਕ ਸਿਧਾਂਤ ਨਾਲ ਜੁੜੇ ਹੋਏ ਹਨ ਅਤੇ ਤੀਸਰਾ ਮਨੋਵਿਸ਼ਲੇਸ਼ਣ (psychoanalysis) ਦੇ ਸਿਧਾਂਤ ਨਾਲ । ਪਹਿਲਾਂ ਵਾਲਾ ਸਿਧਾਂਤ ਸਮਾਜ ਤੇ ਉਸਦੀਆਂ ਵਖਰੀਆਂ ਸੰਸਥਾਵਾਂ ਨੂੰ ਮਨੁੱਖ ਦੇ ਵਿਅਕਤੀਤਵ ਦੇ ਮੁਕਾਬਲੇ ਜ਼ਿਆਦਾ ਤਰਜ਼ੀਹ ਦੇਂਦਾ ਹੈ । ਇਸ ਦਾ ਮਤਲਬ ਇਹ ਨਹੀਂ ਕਿ ਮਨੱਖੀ ਸ਼ਖਸੀਅਤ ਦਾ ਅਸਰ ਸਿਰਫ ਨਾ ਮਾਤਰ ਹੁੰਦਾ ਹੈ । ਇਸ ਦਾ ਅਰਥ ਕੇਵਲ ਏਨ੍ਹਾਂ ਹੈ ਕਿ ਇਸ ਦੇ ਮੁਕਾਬਲਤਨ ਸਮਾਜ ਤੇ ਉਸਦੀਆਂ ਸੰਸਥਾਵਾਂ ਮਨੁੱਖੀ ਸਮਾਜੀਕਰਨ ਵਿੱਚ ਜ਼ਿਆਦਾ ਅਹਿਮ ਰੋਲ ਅਦਾ ਕਰਦੀਆਂ ਹਨ ।

ਤੀਸਰੇ ਸਿਧਾਂਤ ਦਾ ਜ਼ੋਰ (emphasis) ਪਹਿਲੇ ਵਾਲੇ ਦੋ ਦੇ ਉਲਟ ਹੈ । ਇਸ ਦਾ ਮਤਲਬ ਇਹ ਨਹੀਂ ਕੱਢਣਾ ਚਾਹੀਦਾ ਕਿ ਮਨੋਵਿਸ਼ਲੇਸ਼ਣਾਤਮਕ ਸਕੂਲ (psychoanalytical school) ਸਮਾਜ ਨੂੰ ਨਕਾਰਦਾ ਹੈ, ਬਲਕਿ ਉਸ ਦਾ ਕੇਂਦਰ ਬਿੰਦੂ ਮਨੁੱਖੀ ਜੀਵਨ ਦੀ ਹੋਂਦ ਨਾਲ ਜਿਆਦਾ ਜੁੜਿਆ ਹੋਇਆ ਹੈ । ਉਸ ਦੇ ਜੀਵਨ ਦੇ ਮੁੱਢਲੇ ਸਾਲਾਂ ਵਿੱਚ ਉਸਦੀ ਪਰਵਰਿਸ਼ ਕਿਸ ਤਰ੍ਹਾਂ ਹੋਈ ? ਉਸਨੇ ਆਪਣੇ ਜੀਵਨ ਵਿੱਚ ਘਟੀਆਂ ਘਟਨਾਵਾਂ ਨੂੰ ਕਿਸ ਤਰ੍ਹਾਂ ਲਿਆ, ਉਸ ਨੂੰ ਕਿਸ ਤਰ੍ਹਾਂ ਸਮਝਿਆ ਆਦਿ ਇਹ ਸਭ ਬਹੁਤ ਮਹੱਤਵਪੂਰਨ ਰੋਲ ਅਦਾ ਕਰਦੀਆਂ ਹਨ ਇੱਕ ਸ਼ਖਸ ਦੀ ਸ਼ਖਸੀਅਤ (personality) ਨੂੰ ਢਾਲਣ, ਬਦਲਣ ਜਾਂ ਬਣਾਉਣ ਵਿੱਚ । ਇਸ school of thought ਦਾ ਕਰਤਾ-ਧਰਤਾ ਸਿਗਮੰਡ ਫਰੌਇਡ ਹੈ ਅਤੇ ਸਮਾਜ ਵਿਗਿਆਨਕ ਸਿਧਾਂਤ ਦੀ ਪ੍ਰਤੀਨਿਧਤਾ ਕਰ ਰਹੇ ਹਨ ਕੂਲੇ ਅਤੇ ਮੀਡ । ਪਹਿਲੋ ਚਰਚਾ ਕੂਲੇ ਦੀ ਕਰਾਂਗੇ ।

### 2.2.3 ਕੂਲੇ ਦਾ ਆਪੇ ਦੇ ਵਿਕਾਸ ਦਾ ਸੰਕਲਪ

ਕੂਲੇ ਨੂੰ ਇਕ ਆਂਗਿਕ ਸਿਧਾਂਤਕਾਰ organic theorist ਵਜੋਂ ਲਿਆ ਜਾਂਦਾ ਹੈ ਜਿਸਦਾ ਅਰਥ ਕੇਵਲ ਏਨ੍ਹਾਂ ਹੀ ਹੈ ਕਿ ਉਹ ਸਮੁੱਚੇ ਸਮਾਜ ਨੂੰ ਇਕ ਇਕਾਈ ਮੰਨ ਕੇ ਚਲਦਾ ਹੈ । ਮਨੁੱਖ ਇਕੱਲੇ -ਇਕੱਲੇ ਨਹੀਂ ਸਗੋਂ ਇਕ ਸਮੁੱਚੇ ਸਮਾਜ ਦਾ ਹਿੱਸਾ ਹਨ ਜਿਹੜੇ ਉਸ ਤੋਂ ਪ੍ਰਭਾਵਿਤ ਵੀ ਹੁੰਦੇ ਹਨ ਅਤੇ ਉਸ ਉਪਰ ਆਪਣੀ ਛਾਪ ਵੀ ਛੱਡਦੇ ਹਨ । ਭਾਵ ਇਹ ਕਿ ਮਨੁੱਖੀ ਇਕਾਈ ਹੈ ਇੱਕ ਵੱਡੇ whole ਦਾ ਹਿੱਸਾ (part) ਜਿਸਨੂੰ ਅਸੀ ਸਮਾਜ ਦਾ ਨਾਂ ਦੇਂਦੇ ਹਾਂ । ਇਨ੍ਹਾਂ ਦੋਨਾਂ ਵਿੱਚ ਇੱਕ ਗਹਿਰਾ ਸੰਬੰਧ ਹੈ ਜਿਸਨੂੰ ਨਿਖੇੜਨਾ ਸੰਭਵ ਨਹੀਂ । ਇਸ ਦਾ ਭਾਵ ਇਹ ਵੀ ਹੈ ਕਿ ਮਨੁੱਖਾਂ ਦਾ ਜੋੜ ਹੀ ਸਮਾਜ ਦਾ ਆਧਾਰ ਨਹੀਂ ਸਗੋਂ ਇਸ ਤੋਂ ਵੱਧ ਹੈ ਯਾਨੀ ਕਿ Society is always more than the sum total of all its individuals.

ਹੁਣ ਸਵਾਲ ਇਹ ਉੱਠਦਾ ਹੈ ਕਿ ਜੇ ਸਮਾਜ ਇੱਕ ਮਨੁੱਖ ਨਾਲੋਂ ਕਿੱਤੇ ਵੱਡਾ ਹੈ ਅਤੇ ਜ਼ਿਆਦਾ ਅਸਰਦਾਰ ਹੈ ਤਾਂ ਮਨੁੱਖ ਤੇ ਸਮਾਜ ਦਾ ਸੁਮੇਲ ਕਿਵੇਂ ਸੰਭਵ ਹੈ ? ਲਿਹਾਜਾ ਸਮਾਜੀਕਰਨ ਦੀ ਪ੍ਰਕਿਰਿਆ

ਹੀ ਅਜਿਹੀ ਇੱਕੋ ਇੱਕ ਵਿਧੀ ਹੈ ਜਿਹੜੀ ਉੱਪਰ ਦੱਸੇ ਸੁਮੇਲ ਦਾ ਕਾਰਣ ਬਣਦੀ ਹੈ ਕਿ ਇੱਕ ਮਨੁੱਖ ਦਾ ਦੂਸਰੀਆਂ ਮਨੁੱਖੀ ਇਕਾਈਆਂ ਨਾਲ ਜੁੜਨਾ ਅਤੇ ਸਮਾਜਕ ਸੰਸਥਾਵਾਂ ਦਾ ਅਸਰ ਗ੍ਰਹਿਣ ਕਰਨਾ ਹੀ ਸਮਾਜੀਕਰਣ ਦਾ ਮੰਤਵ ਹੈ । ਕੂਲੇ ਇਸ ਪ੍ਰਕਿਰਿਆ ਨੂੰ ਸਵੈ-ਦਰਸ਼ੀ ਸ਼ੀਸ਼ਾ (Looking glass self) ਦਾ ਨਾਂ ਦਿੰਦਾ ਹੈ । ਸਿੱਧੇ ਸ਼ਬਦਾਂ ਵਿੱਚ ਇਸ ਦਾ ਅਰਥ ਹੈ ਕਿ ਮਨੁੱਖ ਸਮਾਜਕ ਪ੍ਰਾਣੀ ਹੋਣ ਤੇ ਨਾਤੇ ਕਿਸ ਤਰ੍ਹਾਂ ਆਪਣਾ ਚਿੱਤਰ ਆਪਣੇ ਮਨ ਵਿੱਖ ਉਲੀਕਦਾ ਹੈ ਜਾਂ ਉਤਾਰਦਾ ਹੈ । ਉਹ ਚਿੱਤਰ ਕਿਹੋ ਜਿਹਾ ਹੁੰਦਾ ਹੈ ? ਉਹ ਕਿਹੋ ਜਿਹਾ ਹੋਣਾ ਚਾਹੀਦਾ ਹੈ ? ਉਹ ਚਿੱਤਰ ਲੋਕਾਂ ਨੂੰ ਤੇ ਫੇਰ ਆਪਣੇ ਆਪ ਨੂੰ ਕਿਹੋ ਜਿਹਾ ਲਗਦਾ ਹੈ ? ਇਹ ਸਾਰੇ ਸਵਾਲ ਉੱਠਦੇ ਹਨ ਜਦੋਂ ਅਸੀ ਕੂਲੇ ਦੇ 'Looking glass self' ਦੀ ਗੱਲ ਕਰਦੇ ਹਾਂ । ਮੋਟੇ ਤੌਰ ਤੇ ਸਮਾਜਕ self ਦੀ ਉਤਪਤੀ (emergence) ਸਮਾਜ ਰੂਪੀ ਸ਼ੀਸੇ ਰਾਹੀਂ ਹੁੰਦੀ ਹੈ ਜਿਸ ਵਿੱਚ ਹਰ ਪ੍ਰਾਣੀ ਆਪਣੇ ਆਪ ਨੂੰ ਇਕ ਵਸਤੂ (object) ਦੇ ਰੂਪ ਵਿਚ ਵੇਖਦਾ ਹੈ ਅਤੇ ਲੋਕਾਂ ਦੀ ਉਸ ਬਾਰੇ ਰਾਏ ਤੇ ਨੁਕਤਾਚੀਨੀ ਨੂੰ ਮੁੱਖ ਰੱਖਕੇ ਆਪਣੇ ਆਪ ਨੂੰ ਢਾਲਦਾ ਹੈ । ਇਹ ਕਿਰਿਆ ਠੀਕ ਇਹੋ ਜਿਹੀ ਹੈ ਜਿਵੇਂ ਅਸੀਂ ਆਪਣੀ ਸ਼ਕਲ ਆਪ ਸ਼ੀਸੇ ਵਿੱਚ ਵੇਖਦੇ ਹਾਂ ਤੇ ਆਪਣੇ-ਆਪ ਨੂੰ ਸਜ਼ਾ-ਵਜਾ ਕੇ ਤਿਆਰ ਕਰ ਕੇ ਘਰੋਂ ਬਾਹਰ ਪੈਰ ਪਟਦੇ ਹਾਂ ।

ਕੂਲੇ ਅਨੁਸਾਰ Looking glass self ਦੀਆਂ ਤਿੰਨ ਵੱਖੋ ਵੱਖਰੀਆਂ ਸਟੇਜ਼ਾਂ ਹਨ, ਜਿਵੇਂ :

(i) ਅਸੀਂ ਸਮਾਜ ਦੇ ਬਾਕੀ ਲੋਕਾਂ ਨੂੰ ਕਿਹੋ ਜਿਹੇ ਲੱਗਦੇ ਹਾਂ ? ਜਾਂ ਦੂਸਰੇ ਲੋਕ ਮੇਰੇ ਬਾਰੇ ਕੀ ਸੋਚਦੇ ਹਨ ? (Imagination of our experience to others)

(ii) ਸਾਡੇ ਬਾਰੇ ਲੋਕਾਂ ਦਾ ਫੈਸਲਾ ਕੀ ਹੈ ? ਉਸਦੇ ਸੰਦਰਭ ਵਿਚ ਆਪਣਾ ਮੁਲਅੰਕਣ (Imagination of other's judgement of our experience)

(iii) ਅਸੀਂ ਆਪ-ਆਪਣੇ ਬਾਰੇ ਕੀ ਰਾਏ ਰੱਖਦੇ ਹਾਂ ਜਿਵੇਂ pride ਆਦਿ ? (Self-feelings like pride etc.)

(i) ਜਿਸ ਤਰ੍ਹਾਂ ਕਿ ਸਮਾਜੀਕਰਨ ਦੇ ਸੰਕਲਪ ਤੋਂ ਸਪਸ਼ਟ ਹੈ ਕਿ ਮਨੁੱਖ ਸਮਾਜ ਨਾਲ ਜੁੜਦਾ ਕਿਵੇ ਹੈ ਕੂਲੇ ਨੇ ਪਹਿਲੀ ਅਵਸਥਾ ਇਹੋ ਦੱਸੀ ਹੈ ਜਿਸ ਵਿੱਚ ਹਰ ਸਮਾਜਿਕ ਪ੍ਰਾਣੀ ਮੂਲ ਰੂਪ ਵਿੱਚ ਇਹ ਵੇਖਦਾ ਹੈ ਕਿ ਉਸ ਦਾ ਬੋਲ ਵਤੀਰਾ ਤੁਰਨਾ-ਫਿਰਨਾ, ਝਾਕਣੀ, ਕੰਮ ਕਰਨ ਦੇ ਤੋਰ-ਤਰੀਕੇ ਬਾਕੀ ਲੋਕਾਂ ਨੂੰ ਕਿਹੋ ਜਿਹੇ ਲੱਗਦੇ ਹਨ । ਇਹ ਸਭ ਕੁਝ ਕਰਨ ਤੋਂ ਪਹਿਲਾਂ ਉਹ ਆਪਣੇ ਮਨ ਵਿੱਚ ਇੱਕ ਖਾਕਾ ਉਤਾਰ ਲੈਂਦਾ ਹੈ ਕਿ ਉਸ ਦੇ ਆਲੇ-ਦੁਆਲੇ ਵਾਲੇ ਲੋਕ ਉਸ ਦੀਆਂ ਇਨ੍ਹਾਂ ਹਰਕੱਤਾਂ ਨੂੰ ਕਿਵੇਂ ਸਮਝਣਗੇ । ਉਹ ਉਨ੍ਹਾਂ ਦੇ ਮਨਾਂ ਵਿੱਚ ਆਪਣੇ ਬਾਰੇ ਕਿਹੋ ਜਿਹਾ ਚਿੱਤਰ ਉਲੀਕਣ ਵਿੱਚ ਸਮਰਥ ਹੋਵੇਗਾ । ਠੀਕ ਉਸੇ ਤਰ੍ਹਾਂ ਜਿਵੇਂ ਅਸੀਂ ਘਰੋਂ ਬਾਹਰ ਜਾਣ ਲੱਗੇ ਸ਼ੀਸੇ ਅੱਗੇ ਖੜ੍ਹੋ ਹੋ ਕੇ ਸਜਦੇ ਸਵਰਦੇ ਹਾਂ ਤਾਂ ਜੋ ਅਸੀਂ ਲੋਕਾਂ ਨੂੰ ਚੰਗੇ ਲਗੀਏ ਉਨ੍ਹਾਂ ਵਿਚੋਂ ਕੋਈ ਇਹ ਨਾ ਕਹਿ ਸਕੇ ਕਿ ਇਸਦੇ ਵਾਲ ਵਿਖਰੇ ਹੋਏ ਨੇ, ਟਾਈ ਪੁੱਠੀ ਲੱਗੀ ਹੋਈ ਹੈ ਜਾਂ ਪੱਗ ਦਾ ਲੜ ਟੰਗਿਆ ਨਹੀ ਹੋਇਆ ਆਦਿ । ਜਦੋਂ ਇੱਕ ਪ੍ਰਾਣੀ ਇਸ ਤਰ੍ਹਾਂ ਆਪਣੇ ਮਨ ਵਿੱਚ ਵਿਚਾਰ ਕਰਕੇ ਸਮਾਜ ਵਿੱਚ ਵਿਚਰਦਾ ਹੈ ਤਾਂ ਉਹ ਉਹੀ ਕਰ ਰਿਹਾ ਹੁੰਦਾ ਹੈ ਜੋ ਸਮਾਜ ਦੇ ਬਾਕੀ ਲੋਕਾਂ ਨੂੰ ਪਰਵਾਣਤ ਹੋਵੇ । ਲਿਹਾਜਾ ਉਹ ਪ੍ਰਾਣੀ ਆਪਣੇ ਆਪ ਨੂੰ ਲੋਕਾਂ ਨਾਲ ਜੋੜਦਾ ਹੈ । ਜੇ ਉਹ ਇਸ ਤਰ੍ਹਾਂ ਨਹੀ ਕਰਦਾ ਤਾਂ ਉਹ ਅਲਗ-ਥਲਗ ਪੈ ਜਾਵੇਗਾ ਅਤੇ ਬਾਕੀਆਂ ਨਾਲੋਂ ਨਿੱਖੜ ਜਾਵੇਗਾ। ਇਸ ਦਾ ਸਿੱਟਾ ਇਹ ਹੋਵੇਗਾ ਕਿ ਲੋਕਾਂ ਨੇ ਉਸ ਨਾਲ ਕੋਈ ਵਰਤਾਰਾ ਨਹੀ ਰੱਖਣਾ । ਇਸੇ ਕਰਕੇ ਤਾਂ ਕਹਿੰਦੇ ਹਨ ਕਿ ਜਦੋਂ ਰੋਮ ਚ' ਹੋਵੋ ਉਦੋ ਉਸੇ ਤਰ੍ਹਾਂ ਕਰੋ ਜਿਵੇ ਰੋਮ ਨਿਵਾਸੀ ਕਰਦੇ ਹਨ । ਮਨੁੱਖ ਵਾਸਤੇ ਇਹ ਸੰਭਵ ਨਹੀ ਕਿਉਂ ਜੋ ਉਹ ਇੱਕ ਸਮਾਜਕ ਜੀਵ (social animal) ਹੈ । ਇੱਕਲਿਆਂ ਉਹ ਕੁਝ ਵੀ ਕਰਨ ਦੇ ਸਮਰਥ ਨਹੀ । ਇੱਥੋਂ ਤੱਕ ਕਿ ਬੋਲੀ

ਸਿੱਖਣੋਂ ਵੀ ਰਹਿ ਜਾਂਦਾ ਹੈ । ਸਮਾਜ ਵਿਗਿਆਨੀ ਦਸਦੇ ਹਨ ਕਿ ਜੋ ਨਵ-ਜਾਤ ਬੱਚੇ ਨੂੰ ਮਾਂ ਨਾਲੋਂ ਅੱਡ ਕਰਕੇ, ਮਨੁੱਖੀ ਸਮਾਜ ਚੋਂ ਬਾਹਰ ਕੱਢ ਕੇ ਰੱਖਿਆ ਜਾਵੇ ਤਾਂ ਉਹ ਕੇਵਲ ਜਾਨਵਰਾਂ ਵਾਂਗ ਘੁਰ-ਘੁਰ ਹੀ ਕਰੇਗਾ। ਉਹ ਮਨੁੱਖੀ ਬੋਲੀ ਬੋਲਣ ਅਤੇ ਸਮਝਣ ਦੇ ਹੀ ਨਾਕਾਬਿਲ ਬਣ ਜਾਵੇਗਾ।

(ii) ਦੂਸਰੀ ਅਵਸਥਾ ਹੈ ਜਿਸ ਵਿੱਚ ਪ੍ਰਾਣੀ ਆਪਣੇ ਮਨ ਵਿੱਚ ਇਹ ਯਕੀਨੀ ਬਣਾਉਂਦਾ ਹੈ ਕਿ ਉਸ ਦੀਆਂ ਹਰਕਤਾਂ ਨੂੰ ਲੋਕ ਚੰਗਾ ਕਹਿਣਗੇ ਜਾਂ ਮਾੜਾ । ਉਨ੍ਹਾਂ ਨੂੰ ਪ੍ਰਵਾਣ ਕਰਣਗੇ ਜਾਂ ਅਪ੍ਰਵਾਣ ਇਹ ਇੱਕ ਅਹਿਮ ਅਵਸਥਾ ਹੈ ਕਿਉਂਕਿ ਇਸ ਚ' ਲੰਘਣ ਦੇ ਬਾਅਦ ਹੀ ਕੋਈ ਪ੍ਰਾਣੀ ਸਮਾਜ ਨਾਲ ਜੁੜਨ ਲਈ ਪਾਸ (qualify) ਹੁੰਦਾ ਹੈ । ਗੈਰ-ਸਮਾਜਕ ਤੱਤ ਹੁੰਦੇ ਹਨ ਜਿਨ੍ਹਾਂ ਦੀਆਂ ਹਰਕਤਾਂ ਨੂੰ ਸਮਾਜ ਪ੍ਰਵਾਣ ਨਹੀਂ ਕਰਦਾ ਜਿਸ ਤਰ੍ਹਾਂ ਕਿ ਚੋਰ-ਉੱਚਕਿਆਂ ਨੂੰ, ਠੱਗੀ-ਚੋਰੀ ਕਰਨ ਵਾਲਿਆਂ ਨੂੰ ਆਦਿ। ਜੇ ਕੋਈ ਪੁੱਤਰ ਆਪਣੇ ਮਾਪਿਆਂ ਦੇ ਆਖੇ ਨਹੀਂ ਲਗਦਾ ਤਾਂ ਉਸ ਨੂੰ ਘਰੋਂ ਕੱਢ ਦਿੱਤਾ ਜਾਂਦਾ ਹੈ, ਜਾਇਦਾਦ ਚੋਂ ਬੇਦਖਲ ਕਰ ਦਿੱਤਾ ਜਾਂਦਾ ਹੈ । ਠੀਕ ਉਸੇ ਤਰ੍ਹਾਂ ਜੋ ਪ੍ਰਾਣੀ ਸਮਾਜ ਦੀਆਂ ਕਦਰਾਂ-ਕੀਮਤਾਂ ਨੂੰ ਪ੍ਰਵਾਣ ਨਹੀਂ ਕਰਦਾ, ਉਨ੍ਹਾਂ ਤੇ ਪੂਰਾ ਨਹੀਂ ਉਤਰਦਾ, ਜਾਂ ਜਾਣ-ਬੁਝ ਕੇ ਉਨ੍ਹਾਂ ਦੀ ਉਲੰਘਣਾ ਕਰਦਾ ਹੈ ਤਾਂ ਪੰਚਾਇਤ ਉਸ ਨੂੰ ਸਮਾਜ ਚੋਂ ਛੇਕ ਦਿੰਦੀ ਹੈ । ਇਹੀ ਡਰ-ਭੈ ਹਰ ਪ੍ਰਾਣੀ ਤੇ ਇੱਕ ਅੰਕੁਸ਼ ਦੀ ਤਰ੍ਹਾਂ ਕੰਮ ਕਰਦਾ ਹੈ ਜੋ ਉਸ ਨੂੰ ਉਸਦੇ ਸਮਾਜ ਨਾਲ ਜੋੜ ਕੇ ਰੱਖਦਾ ਹੈ ਸਮਾਜ ਨਾਲ ਜੁੜਨ ਜਾਂ ਸਮਾਜਕ ਪ੍ਰਾਣੀ ਹੋਣ ਦਾ ਅਰਥ ਹੀ ਇਹ ਹੈ ਕਿ ਉਹ ਵਿਅਕਤੀ ਸਮਾਜ ਦੀਆਂ ਬਣਾਈਆਂ ਹੋਈਆਂ ਕਦਰਾਂ-ਕੀਮਤਾਂ ਮੁਤਾਬਕ ਆਪਣੇ ਆਪ ਨੂੰ ਨਿਯਮਬੰਧ ਕਰੇ । ਇਹ ਕਦਰਾਂ-ਕੀਮਤਾਂ ਕਿਤੇ ਬਾਹਰੋਂ ਨਹੀਂ ਆਉਂਦੀਆਂ ਬਲਕਿ ਸਮਾਜ ਵਿੱਚੋਂ ਹੀ ਪੈਦਾ ਹੁੰਦੀਆਂ ਹਨ ਜਿਨ੍ਹਾਂ ਬਾਰੇ ਸਾਰੇ ਲੋਕਾਂ ਦੀ ਸਹਿਮਤੀ ਹੁੰਦੀ ਹੈ । ਇਨ੍ਹਾਂ ਨੂੰ ਮੰਨਕੇ ਰਹਿਣਾ ਸਮਾਜਕ ਇੱਕਠ ਲਈ ਲਾਜ਼ਮੀ ਹੈ ਕਿਉਂਕਿ ਇਹ ਸਮੁੱਚੇ ਸਮੁਦਾਇ (community) ਦੀਆਂ ਸਾਂਝੀਆਂ ਹੁੰਦੀਆਂ ਹਨ ਇਸੇ ਕਰਕੇ ਸਾਰੇ ਲੋਕ ਇਨ੍ਹਾਂ ਨੂੰ ਮੰਨਦੇ ਹਨ ਅਤੇ ਉਸ ਉਪਰ ਦਬਾਉ ਦਾ ਕੰਮ ਕਰਦੀਆਂ ਹਨ ਜੋ ਇਨ੍ਹਾਂ ਤੋਂ ਥਿੜਕਣ ਦੀ ਕੋਸ਼ਿਸ਼ ਕਰਦਾ ਹੈ ।

(iii) ਜਦੋਂ ਸਮਾਜਕ ਪ੍ਰਾਣੀ ਆਪਣੇ ਤਜ਼ਰਬਿਆਂ ਜਾਂ ਕਿਰਿਆਵਾਂ ਨੂੰ ਸਮਾਜ ਰੂਪੀ ਸੀਸ਼ੇ ਚੋਂ ਇਹ ਵੇਖਣ ਦੀ ਕਲਪਨਾ ਕਰ ਚੁਕਿਆ ਹੁੰਦਾ ਹੈ ਕਿ ਇਹ (ਯਾਨੀ ਉਸਦੀਆਂ ਕਿਰਿਆਵਾਂ ਆਦਿ) ਲੋਕਾਂ ਨੂੰ ਕਿਹੋ ਜਿਹੀਆਂ ਲੱਗਣਗੀਆਂ ਅਤੇ ਉਹ ਇਹ ਵੀ ਕਲਪਨਾ ਕਰ ਚੁਕਿਆ ਹੁੰਦਾ ਹੈ ਇਹਨਾਂ ਬਾਰੇ ਲੋਕ (ਸਮਾਜ) ਕਿਹੋ ਜਿਹਾ ਫੈਸਲਾ ਕਰਨਗੇ ਤਾਂ ਉਹ ਤੀਜੀ ਅਵਸਥਾ ਵਿਚ ਪੈਰ ਧਰਦਾ ਹੈ । ਇਸ ਦਾ ਮਤਲਬ ਇਹ ਕਿ ਉਹ ਹੁਣ ਆਪਣੀਆਂ ਕੀਤੀਆਂ ਕਿਰਿਆਵਾਂ ਜਾਂ ਤਜਰਬਿਆਂ ਤੇ ਜਾਂ ਤਾਂ ਮਾਣ ਕਰਦਾ ਹੈ ਜਾਂ ਨਿਮੋਝੂਣਾ ਜਾਂ ਸ਼ਰਮਿੰਦਾ ਹੋ ਸਕਦਾ ਹੈ । ਇਹ ਅਹਿਸਾਸ ਉਸ ਨੂੰ ਬਾਕੀਆਂ ਨਾਲੋਂ ਨਿਖੇੜਣ ਵਿਚ ਅਤੇ ਆਪਣੇ ਬਲ-ਬੂਤੇ ਉਪਰ ਸਮਾਜ ਵਿੱਚ ਖੜ੍ਹਣ ਲਈ ਸਹਾਈ ਹੁੰਦਾ ਹੈ । ਹੁਣ ਇਹ ਸਮਾਜਕ ਪ੍ਰਾਣੀ ਆਪਣੇ ਕੀਤੇ ਕਾਰਿਆਂ ਨੂੰ ਸਮਾਜ ਜਾਂ ਲੋਕਾਂ ਦੇ ਹਿੱਤ ਵਿੱਚ ਭੁਗਤਾ ਕੇ ਆਪਣੇ ਤੇ ਫ਼ਖਰ ਮਹਿਸੂਸ ਕਰ ਸਕਦਾ ਹੈ । ਆਪਣੇ ਬਾਰੇ ਲੋਕਾਂ ਤੋਂ ਹੋਈ ਵਾਹ-ਵਾਹ ਨੂੰ ਸੁਣ ਕੇ ਉਹ ਹੋਰ ਚੰਗੇਰਾ ਬਨਣ ਦੀ ਕੋਸ਼ਿਸ਼ ਕਰਦਾ ਹੈ । ਇਹ ਸਮਾਜਕ ਪਰੈਸ਼ਰ ਜੋ ਸਮਾਜ ਦੇ ਹਰ ਇੱਕ ਪ੍ਰਾਣੀ ਨੂੰ ਉਸ ਸਮਾਜ ਦੀਆਂ ਕਦਰਾਂ-ਕੀਮਤਾਂ ਨੂੰ ਮੰਨਣ ਅਤੇ ਉਨ੍ਹਾਂ ਨੂੰ ਸਿਰੇ ਚੜ੍ਹਾਉਣ ਲਈ ਪ੍ਰੇਰਿਤ ਕਰਦਾ ਹੈ ਅਤੇ ਮਜ਼ਬੂਰ ਵੀ ਕਰਦਾ ਹੈ। ਜੋ ਪ੍ਰਾਣੀ ਇਨ੍ਹਾਂ ਕਦਰਾਂ-ਕੀਮਤਾਂ ਤੇ ਫੁੱਲ ਚੜਾਉਂਦੇ ਹਨ ਅਤੇ ਇਨ੍ਹਾਂ ਨੂੰ ਉੱਚਾ ਚੁੱਕਦੇ ਹਨ, ਸਮਾਜ ਵੀ ਅਜਿਹੇ ਵਿਅਕਤੀਆਂ ਨੂੰ ਉਪਰ ਚੁੱਕਦਾ ਹੈ । ਉਨ੍ਹਾਂ ਦੇ ਸਮਾਜਕ ਰੁਤਬੇ ਵਿੱਚ ਵਾਧਾ ਕਰਦਾ ਹੈ ਜੋ ਬਾਕੀ ਲੋਕਾਂ ਵਾਸਤੇ ਸੰਕੇਤ ਜਾਂ ਹਵਾਲਾ (reference) ਮਾਡਲ ਬਣਦੇ ਹਨ । ਇਸਦੇ ਉਲਟ ਜੋ ਵਿਅਕਤੀ ਇਨ੍ਹਾਂ ਕਦਰਾਂ-ਕੀਮਤਾਂ ਨੂੰ ਅੱਖੋਂ ਪਰੋਖੇ ਕਰਦੇ ਹਨ ਜਾਂ ਇਹਨਾਂ ਦੀ ਉਲੰਘਣਾ ਕਰਦੇ ਹਨ ਸਮਾਜ ਉਨ੍ਹਾਂ ਦਾ ਬਹਿਸ਼ਕਾਰ ਕਰਦਾ ਹੈ । ਕਿਸੇ

ਵੀ ਸਮਾਜਕ ਪ੍ਰਾਣੀ ਵਾਸਤੇ ਉਸਦਾ ਆਪਣੇ ਸਮਾਜ ਵਿਚੋਂ ਛੇਕਿਆ ਜਾਣਾ ਸਾਰੀਆਂ ਸਜ਼ਾਵਾਂ ਨਾਲੋਂ ਸਖਤ ਸਜ਼ਾ ਹੈ ।

### 2.2.4 ਮੀਡ ਦਾ ਆਪੇ ਦੇ ਵਿਕਾਸ ਦਾ ਸੰਕਲਪ

ਮੀਡ ਮੁਤਾਬਕ ਆਪਾ (Self) ਜਨਮ ਵੇਲੇਂ ਨਹੀਂ ਹੁੰਦਾ ਸਗੋਂ ਇਹ ਤਾਂ ਇਕ ਸਮਾਜਿਕ ਉਪਜ ਹੈ ਜੋ ਸਮਾਜਕ ਤਜ਼ਰਬੇ ਅਤੇ ਅੰਤਰ ਕ੍ਰਿਆ ਰਾਹੀਂ ਸ਼ੁਰੂ ਹੁੰਦਾ ਹੈ । ਭਾਸ਼ਾ ਆਪੇ ਦੇ ਵਿਕਾਸ ਲਈ ਪੂਰਵ ਸ਼ਰਤ (Pre-Requisite) ਹੈ । ਭਾਸ਼ਾ ਤੋਂ ਪਹਿਲਾਂ ਨਾ ਬੋਲੀਆਂ ਜਾਣ ਵਾਲੀਆਂ ਹਰਕਤਾਂ (Non-Verbal Gestures) ਵੀ ਆਪੇ ਦੇ ਵਿਕਾਸ ਲਈ ਮਹੱਤਵਪੂਰਣ ਯੋਗਦਾਨ ਪਾਉਂਦੀਆਂ ਹਨ । ਉਦਾਹਰਣ ਲਈ ਬਹੁਤ ਛੋਟਾ ਬੱਚਾ ਗੁੱਸਾ ਸ਼ਬਦ ਦਾ ਮਤਲਬ ਉਨ੍ਹਾਂ ਚਿਰ ਨਹੀਂ ਸਮਝ ਸਕਦਾ ਜਿੰਨਾ ਚਿਰ ਗੁੱਸੇ ਵਾਲੀਆਂ ਹਰਕਤਾਂ ਨਾ ਕੀਤੀਆਂ ਜਾਣ। ਇਸ ਕਰਕੇ ਇਹ ਭਾਸ਼ਾ ਨਹੀਂ ਬਲਕਿ ਗੁੱਸੇ ਦੀਆਂ ਹਰਕਤਾਂ ਹਨ ਜੋ ਬੱਚੇ ਨੂੰ ਗੁੱਸੇ ਦਾ ਮਤਲਬ ਦਰਸਾਉਂਦੀਆਂ ਹਨ । ਮੀਡ ਮੁਤਾਬਿਕ ਆਪੇ ਦਾ ਵਿਕਾਸ ਸਿਰਫ ਦੂਜਿਆਂ ਦੇ ਰੋਲ ਅਪਨਾਉਣ (Taking the Role of Others) ਨਾਲ ਹੀ ਸੰਭਵ ਹੈ । ਕੋਈ ਵਿਅਕਤੀ ਆਪਣੇ ਆਪ ਨੂੰ ਦੂਜਿਆਂ ਦੇ ਰੋਲ ਵਿਚ ਰਖਕੇ ਹੀ ਸਮਝ ਸਕਦਾ ਹੈ । ਮੀਡ ਨੇ ਇਕ ਸ਼ਬਦ ਅਹਿਮ ਦੂਸਰੇ (Significant Others) ਦੀ ਵੀ ਵਰਤੋਂ ਕੀਤੀ ਹੈ । ਇਹ ਉਹ ਲੋਕ ਹੁੰਦੇ ਹਨ ਜੋ ਕਿਸੇ ਦੇ ਸਵੈ-ਸਨਮਾਨ ਨੂੰ ਪ੍ਰਭਾਵਿਤ ਕਰਦੇ ਹਨ । ਮੀਡ ਨੇ ਇਕ ਹੋਰ ਸ਼ਬਦ ਆਮਆਏ ਦੂਜੇ (Generalized Others) ਦੀ ਵੀ ਵਰਤੋਂ ਕੀਤੀ ਹੈ । ਇਹ ਆਮਆਏ ਦੂਜੇ ਵੱਖ ਵੱਖ ਸਮਾਜਕ ਘਟਨਾਵਾਂ ਵਿਚ ਮਨੁੱਖੀ ਵਤੀਰੇ ਨੂੰ ਦਿਸ਼ਾਵਾਂ ਪ੍ਰਦਾਨ ਕਰਨ ਦੇ ਨਾਲ ਨਾਲ ਵਿਅਕਤੀ ਦੇ ਆਪੇ ਦੇ ਸੰਕਲਪ ਨੂੰ ਵਿਕਸਿਤ ਕਰਨ ਲਈ ਇਕ ਸੰਕੇਤਕ ਢਾਂਚਾ (Frame of Reference) ਵੀ ਪ੍ਰਦਾਨ ਕਰਦੇ ਹਨ । ਜਦੋਂ ਕੋਈ ਵਿਅਕਤੀ ਆਪਣੇ ਗਰੁੱਪ ਜਾਂ ਸਮਾਜ ਵਿਚੋਂ ਆਪਣੀ ਸਥਿਤੀ ਨੂੰ ਪ੍ਰੇਰਦਾ ਹੈ ਤਾਂ ਇਸ ਦਾ ਮਤਲਬ ਹੈ ਕਿ ਉਹ ਦੂਜਿਆਂ ਨੂੰ ਪਛਾਣਦਾ ਹੈ । ਇਸ ਤਰ੍ਹਾਂ ਆਪੇ ਦੀ ਉਤਪਤੀ ਅੰਦਰੋਂ ਨਹੀਂ ਉਪਜਦੀ ਸਗੋਂ ਇਹ ਰੋਲ ਅਪਨਾਉਣ ਦੀ ਪ੍ਰਕ੍ਰਿਆ ਵਿਚੋਂ ਹੀ ਪੈਦਾ ਹੁੰਦੀ ਹੈ: ਜੋ ਮਨੁੱਖੀ ਜੀਵਨ ਵਿਚ ਬਚਪਨ ਤੋਂ ਸ਼ੁਰੂ ਹੋ ਜਾਂਦੀ ਹੈ । ਮੀਡ ਨੇ ਆਪੇ ਦੇ ਵਿਕਾਸ ਨੂੰ ਤਿੰਨ ਪੜਾਵਾਂ ਵਿਚ ਵੰਡਿਆ ਹੈ; ਜੋ ਕਿ ਇਹ ਹਨ :

(ੳ) ਆਰੰਭਕ/ਨਕਲ ਪੜਾਅ (Preparatory Stage)
(ਅ) ਖੇਡ/ਨਾਟ ਪੜਾਅ (Play Stage)
(ੲ) ਪ੍ਰਤੀਯੋਗਤਾ ਪੜਾਅ (Game Stage)

2.2.4.1 **ਆਰੰਭਿਕ ਪੜਾਅ** : ਇਸ ਪੜਾਅ ਦੌਰਾਨ ਬੱਚੇ ਆਪਣੇ ਵਾਤਾਵਰਣ ਮੁਤਾਬਕ ਦੂਸਰਿਆਂ ਦੀ ਨਕਲ ਕਰਦੇ ਹਨ । ਵਿਕਾਸ ਦੇ ਇਸ ਪੜਾਅ ਵਿਚ ਬੱਚੇ ਦਾ ਸਮਾਜਕ ਪ੍ਰਾਣੀ ਵਜੋਂ ਆਪਣਾ ਕੋਈ ਵੱਖਰਾ ਸੰਕਲਪ ਨਹੀਂ ਹੁੰਦਾ । ਇਸ ਪੜਾਅ ਦਾ ਖਾਸ ਨਕਸ਼ ਬੱਚੇ ਦੁਆਰਾ ਦੂਜਿਆਂ ਦੀ ਨਕਲ ਕਰਨਾ ਹੈ । ਉਦਾਹਰਣ ਦੇ ਤੌਰ ਤੇ ਜਦੋਂ ਬੱਚਾ ਘਰ ਵਿਚ ਆਪਣੇ ਮਾਂ ਬਾਪ ਨੂੰ ਅਖਬਾਰ ਪੜ੍ਹਦੇ ਵੇਖਦਾ ਹੈ ਤਾਂ ਉਹ ਵੀ ਅਖਬਾਰ ਪੜ੍ਹਨ ਦੀ ਕੋਸ਼ਿਸ਼ ਕਰਦਾ ਹੈ ਬੇਸ਼ਕ ਉਸਨੇ ਅਖਬਾਰ ਉਲਟਾ ਹੀ ਕਿਉਂ ਨਾ ਫੜਿਆ ਹੋਵੇ। ਇਉਂ ਨਕਲ ਕਰਨ ਦੀ ਪ੍ਰਕ੍ਰਿਆ ਵੀ ਬੱਚੇ ਨੂੰ ਪੂਰਾ ਸਮਾਜਿਕ ਪ੍ਰਾਣੀ ਬਨਣ ਵਿਚ ਮਦਦ ਕਰਦੀ ਹੈ।

2.2.4.2 **ਖੇਡ ਪੜਾਅ** : ਇਸ ਪੜਾਅ ਵਿਚ ਬੱਚਾ ਕਈ ਤਰ੍ਹਾਂ ਦੇ ਰੋਲ ਮਨ ਵਿਚ ਧਾਰਦਾ ਹੈ। ਉਹ ਉਸ ਰੋਲ ਨਾਲ ਜੁੜ ਕੇ ਉਸਦੇ ਅਰਥਾਂ ਨੂੰ ਸਿਖਦਾ ਹੈ ਅਤੇ ਉਹਨਾਂ ਅਰਥਾਂ ਦੇ ਪਰਸੰਗ ਵਿਚੋਂ ਹੋਰ ਤੀਖਣਤਾ ਨਾਲ ਖੇਡਦਾ ਹੈ। ਉਹ ਮਾਂ, ਬਾਪ, ਅਧਿਆਪਕ ਜਾਂ ਕਿਸੇ ਕਲਾਕਾਰ ਦੇ ਵਿਹਾਰ ਦਾ ਵਿਖਾਵਾ ਕਰਦਾ ਹੈ। ਇਸੇ ਹੀ ਅਵਸਥਾ ਵਿਚ ਬੱਚਾ ਆਪਣੇ ਆਪ ਨੂੰ ਇਕ ਸਮਾਜਕ ਪ੍ਰਾਣੀ

ਸਮਝਣ ਲੱਗ ਪੈਂਦਾ ਹੈ। ਇਸੇ ਹੀ ਪੜਾਅ ਦੌਰਾਨ ਬੱਚੇ ਨੂੰ ਆਪਣੇ ਰੋਲ, ਜੋ ਕਿ ਉਹ ਖੇਡਦਾ ਹੈ, ਵਿਚ ਵਖਰੇਵਾਂ ਨਜ਼ਰ ਆਉਣ ਲਗ ਪੈਂਦਾ ਹੈ। ਇਸੇ ਹੀ ਪੜਾਅ ਦੌਰਾਨ ਬੱਚੇ ਨੂੰ ਆਪਣੇ ਰੋਲ, ਜੋ ਕਿ ਉਹ ਖੇਡਦਾ ਹੈ, ਵਿਚ ਵਖਰੇਵਾਂ ਨਜਰ ਆਉਣ ਲਗ ਪੈਂਦਾ ਹੈ। ਮੈਨੂੰ (me) ਦਾ ਵਿਕਾਸ ਵੀ ਇਸੇ ਅਵਸਥਾ ਵਿਚ ਸ਼ੁਰੂ ਹੋ ਜਾਂਦਾ ਹੈ। ਪਰ ਬੱਚੇ ਨੂੰ ਅਜੇ ਇਹ ਪਤਾ ਨਹੀਂ ਹੁੰਦਾ ਕਿ ਜੋ ਰੋਲ ਉਹ ਖੇਡ ਰਿਹਾ ਹੈ, ਉਹ ਇਕ ਜਿੰਮੇਵਾਰੀ ਹੈ ਜਾਂ ਸਮਾਜਕ ਜਰੂਰਤ। ਉਦਾਹਰਣ ਲਈ ਇਕ ਬੱਚਾ ਕਦੀ ਆਪਣੀ ਮਾਂ ਦਾ ਰੋਲ ਅਦਾ ਕਰਦਾ ਹੈ, ਦੂਸਰੇ ਹੀ ਪਲ ਕਿਸੇ ਅਧਿਆਪਕ ਦਾ ਤੇ ਫਿਰ ਕਿਸੇ ਖਿਡਾਰੀ ਦਾ। ਭਾਵ ਬੱਚੇ ਦਾ ਮਨ ਆਪਣੇ ਰੋਲ ਵਿਚ ਸਥਿਰ ਨਾ ਹੋਕੇ ਡਾਵਾਂਡੋਲ ਜਿਹਾ ਹੁੰਦਾ ਹੈ।

**2.2.4.3 ਪ੍ਰਤੀਯੋਗਤਾ ਪੜਾਅ** : ਇਸ ਅਵਸਥਾ ਦੋਰਾਨ ਬੱਚਾ ਕਈ ਰੋਲ ਇਕੋ ਵੇਲੇ ਕਰਦਾ ਹੈ ਅਤੇ ਅੰਤ ਵਿਚ ਸਾਰੀ ਸਮੁਦਾਇ (Community) ਜਾਂ ਪਰਬੰਧਤ ਸਮਾਜਕ ਸਮੂਹ ਦੇ ਰੋਲ ਕਰਨ ਦੇ ਸਮਰੱਥ ਹੋ ਜਾਂਦਾ ਹੈ । ਬੱਚਾ ਆਪਣੇ ਸਮੂਹ ਵਿਚ ਆਪਣੀ ਅਹਿਮੀਅਤ ਜਾਂ ਗਰੁੱਪ ਲਈ ਆਪਣੀ ਅਹਿਮੀਅਤ ਨੂੰ ਇਸੇ ਅਵਸਥਾ ਦੌਰਾਨ ਪਛਾਣ ਲੈਂਦਾ ਹੈ । ਇਹ ਉਹ ਅਵਸਥਾ ਹੁੰਦੀ ਹੈ, ਜਦੋਂ ਬੱਚਾ ਆਪਣੀ ਸਮੂਦਾ ਜਾਂ ਸਮੁੱਚੇ ਸਮਾਜ ਵਿਚ ਆਪਣੀ ਹੋਂਦ ਨੂੰ ਪਛਾਣਦਾ ਹੈ । ਮੀਡ ਨੇ ਸ਼ਬਦ ਆਮ ਆਏ ਦੂਜੇ (generalized others) ਇਸੇ ਪੜਾਅ ਲਈ ਵਰਤਿਆ ਹੈ, ਕਿਉਂਕਿ ਇਸੇ ਸਥਿਤੀ ਵਿਚੋਂ ਬੱਚਾ ਆਪਣੀ ਸਮੁਦਾ ਜਾਂ ਸਮਾਜ ਦੇ ਦੂਜੇ ਕਰਿੰਦਿਆ ਦੀ ਮੰਗ ਮੁਤਾਬਕ ਹੁੰਗਾਰਾ ਦਿੰਦਾ ਹੈ । ਉਦਾਹਰਣ ਲਈ ਜਦੋਂ ਅਸੀ ਕਹਿੰਦੇ ਹਾਂ ਕਿ ਦੂਸਰੇ ਕੀ ਸੋਚਣਗੇ ? ਤਾਂ ਸਾਡੇ ਦਿਮਾਗ ਵਿਚ ਕੋਈ ਖਾਸ ਵਿਅਕਤੀ ਨਹੀਂ ਹੁੰਦਾ, ਸਗੋਂ ਸਾਡੇ ਮਨ ਵਿਚ ਦੂਜਿਆਂ ਦਾ ਕੇਵਲ ਇਕ ਆਮ ਆਇਆ ਹੋਇਆ ਰੂਪ ਹੁੰਦਾ ਹੈ । ਮੀਡ ਨੇ ਬੱਚੇ ਲਈ ਅਹਿਮ ਤੇ ਮੁੱਖ ਸਬੰਧ ਲਈ ਅਹਿਮ ਦੂਸਰਾ (significant others) ਵੀ ਵਰਤਿਆ ਹੈ । ਦੂਸਰੇ ਵਿਚ ਉਹ ਲੋਕ ਵੀ ਸ਼ਾਮਲ ਹੁੰਦੇ ਹਨ, ਜੋ ਕਿ ਕਿਸੇ ਦੇ ਸਵੈ-ਸਨਮਾਨ ਨੂੰ ਪ੍ਰਭਾਵਿਤ ਕਰਦੇ ਹਨ, ਜਿਵੇਂ ਕਿ ਮਾਤਾ ਪਿਤਾ, ਸਮੂਦਾ ਦੇ ਮੈਂਬਰ ਅਤੇ ਖੇਡ ਸਾਥੀ ਆਦਿ । ਆਪੇ ਦੇ ਵਿਕਾਸ ਸਮੱਚੇ ਦਾ ਝੁਕਾਅ 'ਅਹਿਮ ਦੂਸਰੇ' ਤੋਂ 'ਆਮ ਆਇਆ' ਹੋਇਆ ਦੂਜਾ ਵੱਲ ਵੱਧਦਾ ਹੈ । ਇਸ ਅਵਸਥਾ ਵਿਚ ਬੱਚਾ ਦੂਜਿਆਂ ਨੂੰ 'ਅਮਿਆਉਣ' ਤੋਂ 'ਪਹਿਲਾਂ ਅਹਿਮ' ਦੂਸਰੇ ਦੀ ਮੰਗ ਵੱਲ ਵਧੇਰੇ ਝੁਕਿਆ ਹੁੰਦਾ ਹੈ । ਇਹ 'ਅਮਿਆਏ ਹੋਏ' ਦੂਜੇ ਵੱਖ ਵੱਖ ਸਮਾਜਕ ਘਟਨਾਵਾਂ ਵਿਚ ਮਨੁੱਖੀ ਵਤੀਰੇ ਨੂੰ ਦਿਸ਼ਾਵਾਂ ਪ੍ਰਦਾਨ ਕਰਨ ਦੇ ਨਾਲ ਨਾਲ ਵਿਅਕਤੀ ਨੂੰ ਉਸ ਦੇ ਆਪੇ ਦੇ ਸੰਕਲਪ ਵਿਕਸਤ ਕਰਨ ਲਈ ਇਹ ਸੰਕੇਤਕ ਢਾਂਚਾ ਵੀ ਪ੍ਰਦਾਨ ਕਰਦਾ ਹੈ ।

ਮੀਡ ਨੇ ਇਸ ਪੜਾਅ ਲਈ ਅਲੰਕਾਰ ਪ੍ਰਤੀਯੋਗਤਾ (Game) ਦੀ ਵਰਤੋਂ ਸ਼ਾਇਦ ਇਸ ਲਈ ਕੀਤੀ ਹੈ ਕਿ ਹਰ ਯੋਜਨਾਬੱਧ ਪ੍ਰਤੀਯੋਗਤਾ ਵਿਚ ਗੁੰਝਲਦਾਰ ਵਤੀਰੇ ਦੀ ਮੰਗ ਕੀਤੀ ਜਾਂਦੀ ਹੈ । ਉਦਾਹਰਣ ਲਈ ਹਾਕੀ ਖੇਡਣ ਵੇਲੇ ਕੋਈ ਖਿਡਾਰੀ ਆਪਣੀ ਮਰਜ਼ੀ ਮੁਤਾਬਕ ਨਹੀਂ ਖੇਡਦਾ, ਸਗੋਂ ਉਸ ਨੂੰ ਖੇਡ ਦੇ ਨਿਯਮ ਪਾਲਣ ਦੇ ਨਾਲ ਨਾਲ ਹਾਲਾਤ ਅਨੁਸਾਰ ਦੂਸਰੇ ਖਿਡਾਰੀਆਂ ਨੂੰ ਵੀ ਧਿਆਨ ਵਿਚ ਰਖਣਾ ਪੈਂਦਾ ਹੈ ।

ਮੀਡ ਅਨੁਸਾਰ ਸਵੈ-ਚੇਤਨਾ ਦਾ ਵਿਕਾਸ ਮਨੁੱਖ ਬਣਨ ਦੀ ਪ੍ਰਕ੍ਰਿਆ ਦਾ ਇਕ ਜ਼ਰੂਰੀ ਅੰਸ਼ ਹੈ । ਇਹ ਮਨੁੱਖੀ ਸਮਾਜ ਵਿਚ ਸੋਚ ਅਤੇ ਕਾਰਜ (action) ਦਾ ਆਧਾਰ ਬਣਦੀ ਹੈ । ਸਵੈ-ਚੇਤਨਾ ਤੋਂ ਬਿਨਾਂ ਵਿਅਕਤੀ ਕਿਸੇ ਵੀ ਕਾਰਜ ਨੂੰ ਸੇਧ ਦੇਣ ਅਤੇ ਉਸ ਪ੍ਰਤੀ ਪ੍ਰਤੀਕ੍ਰਿਆ ਕਰਨ ਵਿਚ ਕਾਮਯਾਬ ਨਹੀ ਹੋ ਸਕਦਾ ਹੈ ।

## ਆਪਣਾ ਗਿਆਨ ਪਰਖੋ

(ੳ) ਕੂਲ ਨੇ Looking glass self ਦੀਆਂ ਕਿਹੜੀਆਂ ਤਿੰਨੇ ਸਟੇਜ਼ਾਂ ਦਸੀਆਂ ਹਨ?

---

---

---

(ਅ) ਕੂਲੇ ਨੇ ਆਪੇ ਦੇ ਵਿਕਾਸ ਦੀ ਤੁਲਨਾ ਸਵੈ-ਦਰਸ਼ੀ ਸ਼ੀਸ਼ੇ ਨਾਲ ਕਿਉਂ ਕੀਤੀ ਹੈ?

---

---

---

(ੲ) ਮੀਡ ਨੇ ਆਪੇ ਦੇ ਵਿਕਾਸ ਦੇ ਕਿਹੜੇ ਤਿੰਨ ਪੜਾਅ ਦਸੇ ਹਨ?

---

---

---

### 2.2.5 ਸਿੰਗਮੰਡ ਫਰਾਇਡ ਦਾ ਸਮਾਜੀਕਰਣ ਦਾ ਸਿਧਾਂਤ

ਸਿੰਗਮੰਡ ਫਰੌਇਡ ਦੇ ਸਮਾਜੀਕਰਣ ਦਾ ਸਿਧਾਂਤ ਵੀ ਸਮਾਜ ਵਿਗਿਆਨ ਵਿੱਚ ਚੰਗੀ ਅਹਿਮਿਅਤ ਰਖਦਾ ਹੈ । ਇਸ ਸਿਧਾਂਤ ਮੁਤਾਬਕ ਮਨੁੱਖੀ ਸਮਾਜੀਕਰਨ ਨੂੰ ਚਾਰ ਪੜ੍ਹਾਵਾਂ ਵਿੱਚ ਵੰਡਿਆ ਗਿਆ ਹੈ ਜਿਹੜਾ ਬੱਚੇ ਦੇ ਪੈਦਾ ਹੋਣ ਤੋਂ ਲੈ ਕੇ ਉਸ ਦੇ ਬਾਲਗ (adult) ਹੋਣ ਦੀ ਅਵਸਥਾ ਤੱਕ ਹੁੰਦਾ ਹੈ । ਇਹ ਹਨ : (ੳ) ਮੌਖਿਕ ਅਵਸਥਾ (Oral Stage) (ਅ) ਗੁੱਦਾ ਅਵੱਸਥਾ (anal stage) (ੲ) ਅੰਤਰ ਨਿਹਿਤਤਾ (Oedipal stage) (ਸ) ਕਿਸ਼ੋਰ ਅਵੱਸਥਾ (adolescence)

#### 2.2.5.1 wfye n t ; Ek **(Oral Stage)**

ਬੱਚੇ ਦੇ ਪੈਦਾ ਹੋਣ ਤੋਂ ਲੈ ਕੇ ਪਹਿਲੇ ਇੱਕ ਸਾਲ ਦੀ ਅਵਸਥਾ ਨੂੰ Oral Stage ਦਾ ਨਾਂ ਦਿੱਤਾ ਗਿਆ ਹੈ । ਇਹ ਨਾਂ ਇਸ ਕਰਕੇ ਦਿੱਤਾ ਗਿਆ ਕਿਉਂ ਜੋ ਬੱਚੇ ਦੀਆਂ ਬਾਕੀ ਇੰਦਰੀਆਂ ਨਾਲੋਂ ਮੂੰਹ ਦੀ ਭੂਮਿਕਾ ਪ੍ਰਮੁੱਖ ਹੁੰਦੀ ਹੈ । ਇਸਦੇ ਜ਼ਰੀਏ ਹੀ ਉਹ ਆਲੇ ਦੁਆਲੇ ਦੀਆਂ ਚੀਜ਼ਾਂ ਨੂੰ ਤੱਤੇ-ਠੰਡੇ ਹੋਣ ਆਦਿ ਨੂੰ ਅਨੁਭਵ ਕਰਦਾ ਹੈ । ਇਸ ਅਵਸਥਾ ਵਿੱਚ ਉਸ ਦੀਆਂ ਜ਼ਰੂਰਤਾਂ ਕੇਵਲ ਸਰੀਰਕ ਹੀ ਹੁੰਦੀਆਂ ਹਨ । ਜਦੋਂ ਉਸਨੂੰ ਭੁੱਖ ਲੱਗਦੀ ਹੈ ਜਾਂ ਤੱਤਾ-ਠੰਡਾ, ਗਿੱਲਾ-ਸੁੱਕਾ ਜੋ ਵੀ ਲਗਦਾ ਹੈ ਉਸਨੂੰ ਰੋ ਕੇ ਹੀ ਦਰਸਾਉਂਦਾ ਹੈ ਅਤੇ ਮਾਂ ਨੂੰ ਸੂਚਿਤ ਕਰਦਾ ਹੈ ਕਿ ਉਸਦੀ ਮੰਗ ਪੂਰੀ ਕੀਤੀ ਜਾਵੇ ।

ਇਸ ਜ਼ਰੂਰਤ ਦੀ ਪੂਰਤੀ ਹੋਣ ਤੇ ਉਹ ਸ਼ਾਂਤ ਹੋ ਜਾਂਦਾ ਹੈ । need- satisfaction ਦਾ ਇਹ ਦੌਰ ਬੱਚੇ ਨੂੰ ਆਲੇ-ਦੁਆਲੇ ਦੀ ਪਹਿਚਾਣ ਕਰਵਾਉਣ ਵਿੱਚ ਸਹਾਈ ਹੁੰਦਾ ਹੈ । ਉਹ ਹਰ ਕਿਸਮ ਦੀ ਜ਼ਰੂਰਤ (need) ਦੀ ਪੂਰਤੀ ਵਾਸਤੇ ਮਾਂ ਤੇ ਹੀ ਨਿਰਭਰ ਹੁੰਦਾ ਹੈ । ਇਹੋ ਅਵਸਥਾ ਹੈ ਜਿੱਥੇ ਬੱਚੇ ਤੇ ਮਾਂ ਦੇ ਪੱਕੇ ਰਿਸ਼ਤੇ ਦਾ ਮੁੱਢ ਬੱਝਦਾ ਹੈ । ਇਸ ਰਿਸ਼ਤੇ ਦੀ ਗੰਢ ਏਨ੍ਹੀ ਪੀਡੀ ਹੁੰਦੀ ਹੈ ਕਿ ਬੱਚਾ ਆਪਣੇ ਅਤੇ ਮਾਂ ਵਿੱਚ ਕੋਈ ਫਰਕ ਨਹੀਂ ਕਰ ਸਕਦਾ ।

### 2.2.5.2 ਗੁੱਦਾ ਅਵਸਥਾ (Anal Stage) :

ਇਹ ਦੂਸਰੀ ਅਵਸਥਾ ਹੈ ਜਿਹੜੀ ਤਕਰੀਬਨ ਇੱਕ ਸਾਲ ਤੋਂ ਲੈ ਕੇ ਤਿੰਨ ਸਾਲ ਦੀ ਉਮਰ ਤੱਕ ਹੁੰਦੀ ਹੈ । ਇਸ ਅਵਸਥਾ ਨੂੰ ਇਹ ਨਾਂ ਇਸ ਕਰਕੇ ਦਿੱਤਾ ਗਿਆ ਹੈ ਕਿਉਂਕਿ ਇਸ ਵਿੱਚ ਬੱਚਾ toilet ਟਰੇਨਿੰਗ ਹਾਸਲ ਕਰਦਾ ਹੈ । ਉਹ ਹੌਲੀ-ਹੌਲੀ ਆਪਣੀਆਂ ਇੰਦਰੀਆਂ ਤੇ ਕੰਟਰੋਲ ਕਰਨਾ ਸਿੱਖਦਾ ਹੈ । ਹੁਣ ਉਹ ਜਿੱਥੇ ਬੈਠਾ ਜਾਂ ਲੇਟਿਆ ਹੋਵੇ ਉੱਥੇ ਹੀ ਟੱਟੀ-ਪਿਸ਼ਾਬ ਨਹੀਂ ਕਰਦਾ ਬਲਕਿ ਆਪਣੀ ਮਾਂ ਨੂੰ ਇਸ ਹਾਲਤ ਬਾਰੇ ਸੰਕੇਤ ਦਿੰਦਾ ਹੈ ਜੋ ਉਸਦੀ ਇਹ ਇੱਛਾ ਜਾਂ ਜ਼ਰੂਰਤ ਪੂਰੀ ਕਰਦੀ ਹੈ ।

ਇਨ੍ਹਾਂ ਪ੍ਰਕਿਰਿਆਵਾਂ ਦੌਰਾਨ ਹੀ ਬੱਚਾ ਆਪਣੇ ਅਤੇ ਮਾਂ ਵਿਚਕਾਰ ਫ਼ਰਕ ਨੂੰ ਸਮਝਦਾ ਅਤੇ ਪੱਕਾ ਕਰਦਾ ਹੈ । ਉਸ ਦੇ ਦਿਮਾਗ ਵਿੱਚ ਇਹ ਗੱਲ ਸਾਫ ਹੋਣੀ ਸ਼ੁਰੂ ਹੁੰਦੀ ਹੈ ਕਿ ਉਹ ਅਤੇ ਉਸਦੀ ਮਾਂ ਦੋ ਵਖਰੀਆਂ-2 ਸ਼ਖਸੀਅਤਾਂ ਹਨ । ਉਹ ਆਪਣੀ ਮਾਂ ਤੋਂ ਪਿਆਰ ਦੀ ਆਸ ਵੀ ਕਰਦਾ ਹੈ ਜੋ ਉਸਨੂੰ ਮਿਲਦਾ ਹੈ, ਅਤੇ ਜਿਸਦਾ ਉਸਨੂੰ ਮਿਲਣਾਂ ਅਤਿ ਅਵੱਸਕ ਵੀ ਹੁੰਦਾ ਹੈ । ਉਹ ਕੇਵਲ ਪਿਆਰ ਲੈਂਦਾ ਹੀ ਨਹੀਂ ਬਲਕਿ ਪਿਆਰ ਦਿੰਦਾ ਵੀ ਹੈ । ਜਦੋਂ ਉਹ ਬਿਸਤਰਾ ਜਾਂ ਕੱਪੜੇ ਗੰਦੇ ਨਹੀਂ ਕਰਦਾ ਤਾਂ ਮਾਂ ਉਸਨੂੰ ਲਾਡ-ਪਿਆਰ ਕਰਦੀ ਹੈ ਜੋ ਬੱਚੇ ਨੂੰ ਸੰਕੇਤ ਹੁੰਦਾ ਹੈ ਕਿ ਉਸਨੇ ਇਹ ਕੰਮ ਚੰਗਾ ਕੀਤਾ ਹੈ ਅਤੇ ਜੇ ਅੱਗੇ ਨੂੰ ਵੀ ਇਸੇ ਤਰ੍ਹਾਂ ਕਰੇਗਾ ਤਾਂ ਉਸਨੂੰ ਪਿਆਰ ਮਿਲੇਗਾ । ਇਸੇ ਤਰ੍ਹਾਂ ਬੱਚਾ ਸਹਿਜੇ-ਸਹਿਜੇ toilet ਟਰੇਨਿੰਗ ਵਿੱਚ ਮਹਾਰਤ ਹਾਸਲ ਕਰ ਲੈਂਦਾ ਹੈ । ਉਹ ਆਪਣੀ ਜਿਸਮਾਨੀ ਜ਼ਰੂਰਤਾਂ ਤੇ ਅਤੇ ਆਪਣੀਆਂ ਇੰਦਰੀਆਂ ਤੇ ਕਾਬੂ ਪਾਉਣਾ ਲਾਹੇਬੰਦ ਸਮਝਣ ਲਗਦਾ ਹੈ ।

### 2.2.5.3 ਅੰਤਰ-ਨਿਹਤਿਤਾ (Oedipal Stage)

ਇਹ ਤੀਸਰੀ ਅਵਸਥਾ ਹੈ ਜਿਹੜੀ ਤਿੰਨ ਸਾਲ ਤੋਂ ਲੈ ਕੇ 12-13 ਸਾਲ ਦੀ ਉਮਰ ਤੱਕ ਚਲਦੀ ਹੈ ਇਸ ਵਿੱਚ ਬੱਚਾ ਆਪਣੇ ਲਿੰਗ ਦੇ ਅਨੁਕੂਲ ਮਾਂ ਜਾਂ ਪਿਓ ਨਾਲ ਪਛਾਣ (identification) ਨੂੰ ਆਪਣੇ ਸਮਾਜ ਦੀਆਂ ਰਹੁ-ਰੀਤਾਂ ਦੇ ਅਨੁਸਾਰ ਪੂਰਾ ਕਰ ਲੈਂਦਾ ਹੈ। ਭਾਵ ਇਹ ਕਿ ਕਰੀਬ-ਕਰੀਬ ਹਰ ਮਨੁੱਖੀ ਸਮਾਜ ਵਿੱਚ ਇਹੋ ਪ੍ਰਥਾ ਪ੍ਰਚਲਤ ਹੈ ਕਿ ਲੜਕੀ ਆਪਣੀ ਮਾਂ ਦੇ ਨਾਲ ਅਤੇ ਲੜਕਾ ਆਪਣੇ ਪਿਓ ਦੇ ਨਾਲ ਆਪਣੇ ਆਪ ਦੀ ਪਛਾਣ (identify) ਕਰੇ । ਇਸ ਦਾ ਸਿੱਧਾ ਮਤਲਬ ਇਹ ਹੈ ਕਿ ਲੜਕੀ ਆਪਣੀ ਮਾਂ ਅਤੇ ਲੜਕਾ ਆਪਣੇ ਪਿਓ ਦੇ ਰੋਲ ਨੂੰ intrenalize ਕਰਨ ਯਾਨੀ ਕਿ ਉਹ ਆਪਣੀ ਰੋਜ਼ ਮਰ੍ਹਾਂ ਦੀ ਜ਼ਿੰਦਗੀ ਵਿੱਚ ਉਸੀ ਤਰ੍ਹਾਂ ਕਰਨ ਜਿਵੇਂ ਉਨ੍ਹਾਂ ਦੇ ਮਾਂ ਤੇ ਪਿਓ ਕਰਮਵਾਰ ਕਰਦੇ ਹਨ ।

ਬੱਚਾ ਇਹ ਕਿਵੇਂ ਸਿੱਖਦਾ ਹੈ ਕਿ ਉਹਨੇ ਕਿਹੜੇ ਮਾਪੇ ਦਾ ਰੋਲ internalize ਕਰਨਾ ਹੈ ਯਾਨੀ ਕਿ ਲੜਕੀ ਨੇ ਮਾਂ ਦਾ ਅਤੇ ਲੜਕੇ ਨੇ ਪਿਓ ਦਾ । ਇਸ ਤੋਂ ਪਹਿਲਾ ਕਿ ਬੱਚਾ ਸਿਆਣਾ ਹੋ ਕੇ ਸਮਾਜ ਵਿਚ ਵਿਚਰਕੇ ਇਹ ਵੇਖੇ ਕਿ ਕੌਣ ਕੀ ਕਰ ਰਿਹਾ ਹੈ ਤੇ ਕਿਵੇਂ ਅਤੇ ਉਸਦੇ ਪਰਿਵਾਰ ਜਾਂ ਆਢ-ਗੁਆਂਢ ਦੇ ਲੋਕ ਉਨ੍ਹਾਂ ਬਾਰੇ ਕੀ ਰਾਏ ਰੱਖਦੇ ਹਨ, ਬੱਚੇ ਨੂੰ ਛੋਟੇ ਹੁੰਦੇ ਤੋਂ ਹੀ ਅਜਿਹੇ ਖਿਡੌਣਿਆਂ ਨਾਲ ਖੇਡਣ ਲਈ ਪ੍ਰੇਰਿਤ ਕੀਤਾ ਜਾਂਦਾ ਹੈ ਜਿਹੜਾ ਉਸਦੇ ਭਵਿੱਖ ਦਾ ਰੋਲ ਹੁੰਦਾ ਹੈ । ਜਿਸ ਤਰ੍ਹਾਂ ਪੰਜਾਬੀ ਸਮਾਜ ਵਿਚ ਕੁੜੀਆਂ ਨੂੰ ਗੁਡੀਆਂ-ਪਟੋਲੇ, ਰਸੋਈ ਦੇ ਭਾਂਡਿਆ ਆਦਿ ਨਾਲ ਖੇਡਨ ਨੂੰ ਕਿਹਾ ਜਾਂਦਾ

ਹੈ। ਦੂਜੇ ਪਾਸੇ ਲੜਕਿਆਂ ਨੂੰ ਟਰੈਕਟਰ, ਬੰਦੂਕ, ਤੀਰ-ਕਮਾਨ ਜਾਂ ਇਹੋ ਜਿਹੀਆਂ ਹੋਰ ਮਰਦਾਂ ਦੀਆਂ ਖੇਡਾਂ ਜਾਂ ਕੰਮਾਂ ਵਾਲੀਆਂ ਚੀਜ਼ਾਂ ਨਾਲ ਖੇਡਣ ਲਈ ਪ੍ਰੇਰਿਆ ਜਾਂਦਾ ਹੈ । ਲੜਕੇ ਕਬੱਡੀ, ਤੇ ਬੰਟੇ ਖੇਡਦੇ ਨੇ ਅਤੇ ਲੜਕੀਆਂ ਸਟਾਪੂ ਤੇ ਗੀਟੇ ਆਦਿ ।

ਇਸ ਅਵਸਥਾ ਦੀ ਇੱਕ ਵਿਸ਼ੇਸ਼ਤਾ ਹੋਰ ਵੀ ਹੈ । ਉਹ ਇਹ ਕਿ ਇਸ ਦੇ ਸ਼ੁਰੂ ਵਿੱਚ ਹੀ ਬੱਚੇ ਦੀ ਜ਼ਿੰਦਗੀ ਵਿੱਚ ਇਕ ਅਜਿਹੀ ਸਟੇਜ ਆਉਂਦੀ ਹੈ ਜਿਸ ਵਿੱਚ ਲੜਕਾ ਆਪਣੀ ਮਾਂ ਨੂੰ ਅਤੇ ਲੜਕੀ ਆਪਣੇ ਪਿਓ ਨੂੰ ਜਿਸਮਾਨੀ ਤੌਰ ਤੇ ਪਿਆਰ ਕਰਨ ਲੱਗ ਪੈਂਦੇ ਹਨ । ਪਹਿਲੀ ਨੂੰ ਅਸੀਂ 'ਇਡੀਪਸ ਕੰਮਲੈਕਸ' ਅਤੇ ਦੂਜੇ ਨੂੰ ਇਲੈਕਟਰਾ ਕੰਪਲੈਕਸ' ਆਖਦੇ ਹਾਂ । ਪਰ ਬੱਚੇ ਜਲਦੀ ਹੀ ਇਨ੍ਹਾਂ complexes ਤੋਂ ਮੁਕਤ ਹੋ ਜਾਂਦੇ ਹਨ ਜੇ ਸਮਾਜੀਕਰਣ ਦੀ ਕਿਰਿਆ ਠੀਕ ਚਲ ਰਹੀ ਹੋਵੇ । ਸਮਾਜੀਕਰਣ ਸਹੀ ਹੋਣ ਦੀ ਇੱਕ ਕਸੋਟੀ ਇਹ ਵੀ ਹੈ । ਜੇ ਇਸ ਤਰ੍ਹਾਂ ਨਾ ਹੋਵੇ ਤਾਂ ਬੱਚਾ ਵੱਡਾ (adult) ਹੋ ਕੇ ਅਜਿਹੀਆਂ ਹਰਕਤਾਂ ਕਰਦਾ ਹੈ ਜੋ ਉਸ ਸਮਾਜ ਦੀਆਂ ਰਹੁ-ਰੀਤਾਂ ਦੇ ਮੁਤਾਬਕ ਨਹੀ ਹੁੰਦੀਆਂ ਇਸ ਨਾਲ ਉਸਦੀ ਆਪਣੀ ਸ਼ਖਸੀਅਤ ਵਿੱਚ ਇਕ ਵਿਗਾੜ ਆ ਜਾਂਦਾ ਹੈ ।

### 2.2.5.4 ਕਿਸ਼ੋਰ ਅਵਸਥਾ (Adolescent Stage) :

ਸਮਾਜੀਕਰਣ ਦੀ ਇਹ ਆਖਰੀ ਅਵਸਥਾ ਹੈ ਜਿਹੜੀ 12-13 ਸਾਲ ਤੋਂ ਲੈ ਕੇ 17-18 ਸਾਲ ਦੀ ਉਮਰ ਤੱਕ ਚਲਦੀ ਹੈ । ਇਸ ਵਿਚ ਬੱਚਾ ਲਿੰਗ ਅਨੁਸਾਰ ਆਪਣੇ ਰੋਲ ਨੂੰ ਚੰਗੀ ਤਰ੍ਹਾਂ ਸਮਝ ਚੁੱਕਾ ਹੁੰਦਾ ਹੈ ਅਤੇ ਪੂਰੇ-ਸੂਰੇ adult ਵਾਂਗ ਸਮਾਜ ਵਿੱਚ ਵਿਚਰਦਾ ਹੈ । ਯਾਨੀ ਕਿ ਲੜਕੀਆਂ ਔਰਤਾਂ ਦਾ ਅਤੇ ਲੜਕੇ ਮਰਦਾਂ ਦਾ ਰੋਲ ਚੰਗੀ ਤਰ੍ਹ ਅਪਨਾ (internalize) ਚੁੱਕੇ ਹੁੰਦੇ ਹਨ ਅਤੇ ਸਮਾਜ ਦੀਆਂ ਰਹੁ-ਰੀਤਾਂ ਅਨੁਸਾਰ ਆਪਣੇ ਕੰਮਾਂਕਾਰਾਂ ਵਿੱਚ ਜੁੱਟ ਜਾਂਦੇ ਹਨ । ਇਸ ਤੋਂ ਭਾਵ ਇਹ ਕਿ ਜੇ ਲੜਕਿਆਂ ਤੋਂ ਇਹ ਆਸ ਰੱਖੀ ਜਾਵੇ ਕਿ ਉਹ ਘਰੇਲੂ ਕੰਮ ਕਰਨਗੀਆਂ ਅਤੇ ਮਰਦ ਬਾਹਰਲੇ ਤਾਂ adolescent ਬੱਚੇ ਇਸੇ ਤਰ੍ਹਾਂ ਦੇ ਕੰਮ ਕਰਨ ਲਗਦੇ ਹਨ ਤਾਂ ਜੋ ਸਮਾਜ ਉਨ੍ਹਾਂ ਦੀਆਂ ਹਰਕਤਾਂ ਨੂੰ ਪ੍ਰਵਾਨਗੀ ਦੇ ਛੱਡੇ ਅਤੇ ਉਹ ਵੱਡੇ ਹੋ ਕੇ ਆਪੋ-ਆਪਣੇ ਟੱਬਰ ਬਣਾ ਸਕਣ ਅਤੇ ਉਸਦੇ ਮੈਂਬਰਾਂ ਦੀ ਦੇਖਭਾਲ ਕਰ ਸਕਣ । ਇਸੇ ਤਰ੍ਹਾਂ ਉਹ ਸਮਾਜ ਅਤੇ ਸਮਾਜੀਕਰਣ ਨੂੰ ਚਲਦਾ ਰੱਖਣ ਵਿੱਚ ਸਫਲ ਹੁੰਦੇ ਹਨ ।

### 2.2.6 ਫਰਾਇਡ ਦਾ ਮਨੋ-ਵਿਗਿਆਨਕ-ਵਿਸ਼ਲੇਸ਼ਣ

ਫਰਾਇਡ ਨੇ ਸਮਾਜੀਕਰਨ ਦੀ ਪ੍ਰਕ੍ਰਿਆ ਨੂੰ ਮਨੋਵਿਗਿਆਨਕ ਵਿਸ਼ਲੇਸ਼ਣ ਦੁਆਰਾ ਸਮਝਾਉਣ ਦਾ ਯਤਨ ਕੀਤਾ ਹੈ । ਉਸ ਦਾ ਮੰਨਣਾ ਹੈ ਕਿ ਮਨੁੱਖੀ ਮਨ ਦਾ ਵਿਕਾਸ ਹੀ ਅਸਲ ਵਿਚ ਸਮਾਜੀਕਰਨ ਹੈ । ਫਰਾਇਡ ਲਿਖਦਾ ਹੈ ਕਿ ਮਨੁੱਖ ਦੇ ਮਨ ਨੂੰ ਤਿੰਨ ਹਿੱਸਿਆਂ ਵਿੱਚ ਵੰਡਿਆ ਜਾ ਸਕਦਾ ਹੈ ।

(ੳ) ਅਚੇਤ ਮਨ (Unconscious mind)

(ਅ) ਅਰਧ ਅਚੇਤ ਮਨ (Subconscious mind)

(ੲ) ਸੁਚੇਤ ਮਨ (Conscious mind)

2.2.6.1 **ਅਚੇਤ ਮਨ** : ਇਹ ਮਨੁੱਖੀ ਮਨ ਦਾ ਉਸ ਹਿੱਸਾ ਹੈ ਜਿਥੇ ਉਸਦੀਆਂ ਸਮਾਜਿਕ ਬੰਦਿਸਾਂ ਕਾਰਨ ਨਾ ਪੂਰੀਆਂ ਹੋ ਸਕਣ ਵਾਲੀਆਂ ਇਛਾਵਾਂ ਦਬੀਆਂ ਹੁੰਦੀਆਂ ਹਨ । ਜਿਨ੍ਹਾਂ ਖੁਹਾਇਸਾਂ ਨੂੰ ਇਨਸਾਨ ਨਾ ਚਾਹੁੰਦੇ ਹੋਏ ਵੀ ਪੂਰਾ ਨਹੀ ਕਰ ਸਕਦਾ ਅਤੇ ਉਨਾਂ ਦਾ ਦਮਨ ਕਰਦਾ ਹੈ । ਉਹ ਇਸ ਅਚੇਤ ਮਨ ਦੇ ਟੈਂਕ ਵਿਚ ਇਕਠੀਆਂ ਹੁੰਦੀਆਂ ਰਹਿੰਦੀਆਂ ਹਨ ! ਫਰਾਇਡ ਲਿਖਦਾ ਹੈ It is a resvoir of our repressed desires. ਉਸਦਾ ਮੰਨਣਾਂ ਹੈ ਕਿ ਮਨ ਦਾ ਇਹ ਹਿੱਸਾ ਸੁੱਤੀ ਅਵਸੱਥਾ ਵਿਚ ਹੁੰਦਾ ਹੈ ਕਿਉਂਕਿ ਇਹ ਇਨ੍ਹਾਂ ਇਛਾਵਾਂ ਪ੍ਰਤੀ ਸੁਚੇਤ ਨਹੀਂ ਹੁੰਦਾ ।

### 2.2.6.2 ਅਰਧ ਅਚੇਤ ਮਨ :

ਇਹ ਮਨ ਦਾ ਉਹ ਹਿੱਸਾ ਹੈ ਜਿਹੜਾ ਨਾ ਤਾਂ ਪੂਰੀ ਤਰ੍ਹਾਂ ਸੁਚੇਤ ਹੀ ਹੁੰਦਾ ਹੈ ਅਤੇ ਨਾ ਹੀ ਸੁੱਤਾ ਹੁੰਦਾ ਹੈ ਕਿਉਂਕਿ ਇਸ ਵਿਚ ਇਕਠੀਆਂ ਹੋਈਆਂ ਖੁਹਾਇਸਾਂ ਅਤੇ ਇਛਾਵਾਂ ਨੂੰ ਵਿਅਕਤੀ ਕਿਸੇ ਵੀ ਸਮੇਂ ਚੇਤਨ ਮਨ ਵਿਚ ਲਿਆ ਸਕਦਾ ਹੈ ਭਾਵ ਉਨ੍ਹਾਂ ਪ੍ਰਤੀ ਸੁਚੇਤ ਹੋ ਸਕਦਾ ਹੈ ।

### 2.2.6.3 ਸੁਚੇਤ ਮਨ :

ਚੇਤਨ ਮਨ ਤਤਕਾਲੀ ਹਾਲਤਾਂ ਨਾਲ ਸੰਬੰਧਿਤ ਹੈ । ਵਿਅਕਤੀ ਜੋ ਵੀ ਕਾਰਜ ਕਰਦਾ ਹੈ ਉਹ ਸੋਚ ਸਮਝਕੇ ਅਤੇ ਜਾਣ ਬੁੱਝ ਕੇ ਕਿਸੇ ਯੋਜਨਾ-ਬੱਧ ਤਰੀਕੇ ਨਾਲ ਕਰਦਾ ਹੈ । ਵਿਅਕਤੀ ਦਾ ਹਰੇਕ ਕਾਰਜ ਤਰੱਕ ਤੇ ਆਧਾਰਿਤ ਹੁੰਦਾ ਹੈ । ਉਸਦਾ ਕੋਈ ਨਾ ਕੋਈ ਟੀਚਾ (goal) ਹੁੰਦਾ ਹੈ ਜਿਸ ਦੀ ਪ੍ਰਾਪਤੀ ਲਈ ਉਹ ਸਾਧਨਾਂ (means) ਅਤੇ ਟੀਚੇ (goals) ਵਿਚ ਤਰਕਸ਼ੀਲ ਤਰੀਕੇ ਨਾਲ ਸੰਬੰਧ ਸਥਾਪਿਤ ਕਰਦਾ ਹੈ । ਇਹ ਟੀਚਾ ਸਮਾਜ ਅਨੁਸਾਰ ਗਲਤ ਵੀ ਹੋ ਸਕਦਾ ਹੈ ਅਤੇ ਸਹੀ ਵੀ ।

## 2.2.7 ਫਰਾਇਡ ਦਾ ਆਪੇ ਦੇ ਵਿਕਾਸ ਦਾ ਸੰਕਲਪ

ਇਸ ਤੋਂ ਅੱਗੇ ਚਲਕੇ ਫਰਾਇਡ ਆਪੇ (Self) ਦੇ ਵਿਕਾਸ ਬਾਰੇ ਦੱਸਦਾ ਹੈ ਕਿ ਮਨੁੱਖੀ ਆਪੇ ਦੀਆਂ ਵੀ ਤਿੰਨ ਅਵਸਥਾਵਾਂ ਹੁੰਦੀਆਂ ਹਨ । ਹਰੇਕ ਵਿਅਕਤੀ ਦਾ ਆਪਾ ਤਿੰਨ ਸਤਰਾਂ ਤੇ ਵਿਕਸਤ ਹੁੰਦਾ ਹੈ । ਉਹ ਹਨ ਇਡ (Id), ਈਗੋ (Ego) ਅਤੇ ਸੁਪਰ ਈਗੋ (Super-Ego) ਇਹ ਆਪੇਂ ਦੀਆਂ ਤਿੰਨੋ ਅਸਸਥਾਵਾਂ ਮਨ ਦੀਆਂ ਤਿੰਨ ਅਵਸਥਾਵਾਂ ਦੇ ਅਨੁਕੂਲ ਹਨ । ਫਰਾਇਡ ਨੇ ਵਿਅਕਤੀ ਦੇ ਸਮਾਜੀਕਰਨ ਦੀ ਪ੍ਰਕਿਆ ਨੂੰ ਸਪਸ਼ਟ ਕਰਨ ਲਈ ਸਿੱਧਾ ਢੰਗ ਇਖਤਿਆਰ ਨਹੀਂ ਕੀਤਾ ਬਲਕਿ ਇਸਨੂੰ ਅਸਿੱਧੇ ਤੌਰ ਤੇ ਪਹਿਲਾਂ ਸੱਤਰ ਜਾਂ ਪੜ੍ਹਾਵਾਂ ਨੂੰ ਬਿਆਨ ਕੀਤਾ, ਕਦੋਂ ਤੇ ਕਿਵੇਂ ਵਿਅਕਤੀ ਦਾ ਵਿਕਾਸ ਹੁੰਦਾ ਹੈ ਅਤੇ ਫਿਰ ਵਿਅਕਤੀ ਦੇ ਮਨ ਨੂੰ ਬਿਆਨ ਕੀਤਾ ਕਿ ਮਨੁੱਖੀ ਮਨ ਦਾ ਵਿਕਾਸ ਕਿਵੇਂ ਹੁੰਦਾ ਹੈ । ਇਸਦੇ ਨਾਲ ਹੀ ਉਸਨੇ ਆਪੇਂ ਭਾਵ Self ਦੇ ਵਿਕਾਸ ਨੂੰ ਦਰਸਾਇਆ ਹੈ । ਉਹ ਲਿਖਦਾ ਹੈ ਕਿ ਮਨੁੱਖੀ 'ਆਪੇ' ਦਾ ਵਿਕਾਸ ਤਿੰਨ ਸਤਰਾਂ (Stages) ਤੇ ਹੁੰਦਾ ਹੈ ।

### 2.2.7.1 ਇਡ (Id)

ਇਸ ਅਵਸਥਾ ਵਿਚ ਮਨੁੱਖੀ ਆਪੇਂ ਦੀ ਅਚੇਤ ਮਨ ਅਤੇ ਮੌਖਿਕ ਤੇ ਗੁੱਦਾ (Oral and anal) ਸਤਰਾਂ ਨਾਲ ਤੁਲਨਾ ਕੀਤੀ ਜਾ ਸਕਦੀ ਹੈ । ਇਸ ਸਥਿਤੀ ਵਿਚ ਵਿਅਕਤੀ ਦਾ ਸੰਬੰਧ ਆਪਣੀਆਂ ਪਸ਼ੂ ਪ੍ਰਵਿਰਤੀਆਂ (Instincts) ਨੂੰ ਸਤੁੰਸ਼ਟ ਕਰਨ ਨਾਲ ਹੀ ਹੁੰਦਾ ਹੈ । ਫਰੋਇਡ ਦੱਸਦਾ ਹੇ ਕਿ ਹਰੇਕ ਵਿਅਕਤੀ ਵਿਚ 16 ਕਿਸਮ ਦੀਆਂ ਮੁੱਖ ਪ੍ਰਵਿਰਤੀਆਂ ਹੁੰਦੀਆਂ ਹਨ ਜਿਨ੍ਹਾਂ ਨੂੰ ਲੈ ਕੇ ਉਹ ਪੈਦਾ ਹੁੰਦਾ ਹੈ । ਬਾਲ ਅਵਸਥਾ ਵਿਚ ਅਚੇਤਨ ਰੂਪ ਨਾਲ ਕੀਤੇ ਜਾਣ ਵਾਲਾ ਵਿਵਹਾਰ ਇਡ (Id) ਨੂੰ ਪ੍ਰਗਟ ਕਰਦਾ ਹੈ । ਜਿਵੇਂ ਭੁੱਖ ਲੱਗੀ ਤੋਂ ਬੱਚਾ ਰੋਂਦਾ ਹੈ ਉਸਨੂੰ ਇਸ ਗੱਲ ਦਾ ਅਹਿਸਾਸ ਨਹੀਂ ਹੁੰਦਾ ਕਿ ਉਸ ਦੇ ਆਲੇ ਦੁਆਲੇ ਬੱਚੇ ਤੇ ਵਿਅਕਤੀ ਉਸ ਬਾਰੇ ਕੀ ਸੋਚਣਗੇ ਬੱਸ ਜਦੋਂ ਉਸ ਦਾ ਦਿਲ ਕੀਤਾ, ਜਿਸ ਜਗ੍ਹਾ ਤੇ ਕੀਤਾ ਉਹ ਰੋਣਾ ਸ਼ੁਰੂ ਹੋ ਜਾਵੇਗਾ। ਉਸਦਾ ਵਿਵਹਾਰ ਮੂਲ ਪ੍ਰਵ੍ਰਿਤੀਆਂ ਉਤੇ ਆਧਾਰਿਤ ਹੁੰਦਾ ਹੈ ਉਹ ਉਚਿੱਤ ਅਤੇ ਅਨਉਚਿਤ ਵਿਚ ਭੇਦ ਨਹੀਂ ਕਰ ਸਕਦਾ । ਇਸ ਇਡ ਜਾਂ ਪਸ਼ੂ ਬਿਰਤੀ ਕਾਰਨ ਉਹ ਚੰਗੇ-ਬੁਰੇ ਜਾਂ ਨੈਤਿਕ ਅਨੈਤਿਕ ਦਾ ਵਿਚਾਰ ਕਰੇ ਬਗੈਰ ਆਪਣੀਆਂ ਪ੍ਰਥਾਮਿਕ ਲੋੜਾਂ ਨੂੰ ਸੰਤੁਸ਼ਟ ਕਰਨ ਦੀ ਕੋਸ਼ਿਸ਼ ਕਰਦਾ ਹੈ। ਜਿਸ ਵਿੱਚ ਜਿਸਮਾਨੀ ਸੁਖ ਦੀ ਪੂਰਤੀ ਹੀ ਮੁੱਖ ਉਦੇਸ਼ ਹੁੰਦਾ ਹੈ। ਇਸ ਕਰਕੇ ਇਸਨੂੰ Pleasure Principle ਨਾਲ ਜੁੜਿਆ ਹੋਇਆ ਵੀ ਆਖਿਆ ਜਾਂਦਾ ਹੈ ।

### 2.2.7.2 ਈਗੋ (Ego)

ਆਪੇਂ (Self) ਦੀ ਇਸ ਅਵਸਥਾ ਨੂੰ ਅਸੀਂ ਅਰਧ-ਚੇਤ ਮਨ ਅਤੇ Oedipul stage ਨਾਲ compare ਕਰ ਸਕਦੇ ਹਾਂ । ਇਹ ਉਹ ਸਥਿਤੀ ਹੈ ਜਿਸ ਵਿਚ ਵਿਅਕਤੀ ਖ਼ੁਹਾਇਸ਼ਾਂ (desires) ਅਤੇ ਕਾਰਜਾਂ (actions) ਵਿਚਕਾਰ ਤਾਲਮੇਲ ਬਣਾਈ ਰੱਖਣ ਦਾ ਕੰਮ ਕਰਦਾ ਹੈ । ਇਹ ਪਸ਼ੂ-ਬਿਰਤੀਆਂ ਭਾਵ ਇਡ (Id) ਦੀਆਂ ਪ੍ਰੇਰਣਾਵਾਂ ਨੂੰ ਦਬਾਉਂਦੀ ਹੈ ਅਤੇ ਸਮਾਜਿਕ ਨਿਯਮਾਂ ਅਤੇ ਕਦਰਾਂ-ਕੀਮਤਾਂ ਭਾਵ ਉਸ ਸਮਾਜ ਦੀ ਪ੍ਰੰਮਪਰਾ ਅਨੁਸਾਰ ਵਿਅਕਤੀ ਨੂੰ ਕਾਰਜ ਕਰਨ ਲਈ ਪ੍ਰੇਰਦੀ ਹੈ । ਇਹ ਵਿਅਕਤੀ ਨੂੰ ਸਮਾਜਕ ਯਥਾਰਥ ਨਾਲ ਜੋੜਦੀ ਹੈ ਜਿਸ ਨਾਲ ਉਸ ਨੂੰ ਸਮਾਜਕ ਅਸਲੀਅਤ ਦਾ ਗਿਆਨ ਹੁੰਦਾ ਹੈ । ਇਸੇ ਕਰਕੇ ਇਸ ਨੂੰ (reality principle) ਨਾਲ ਜੁੜਿਆ ਹੋਇਆ ਵੀ ਆਖਿਆ ਜਾਂਦਾ ਹੈ । ਇਸੇ ਅਵਸਥਾ ਤੋਂ ਵਿਅਕਤੀ ਦੇ ਆਪੇ ਦਾ ਵਿਕਾਸ ਸ਼ੁਰੂ ਹੋ ਜਾਂਦਾ ਹੈ ਹੁਣ ਉਹ ਸਿਰਫ਼ ਅਤੇ ਸਿਰਫ਼ ਆਪਣੇ ਬਾਰੇ ਨਹੀਂ ਸੋਚਦਾ ਬਲਕਿ ਆਪਣੇ ਆਲੇ ਦੁਆਲੇ ਅਤੇ ਦੂਜਿਆਂ ਪ੍ਰਤੀ ਵੀ ਸੁਚੇਤ ਹੋ ਜਾਂਦਾ ਹੈ । ਪਰ ਇਸ ਅਵਸਥਾ ਵਿਚ ਕਈ ਵਾਰ ਇਡ (Id) ਵੀ ਭਾਰੂ ਹੋ ਜਾਂਦੀ ਹੈ ।

### 2.2.7.3 ਸੁਪਰਈਗੋ (Super-Ego)

ਇਹ ਅਵਸਥਾ ਮਨ ਦੀ ਸੁਚੇਤ ਅਵਸੱਥਾ ਅਤੇ ਵਿਅਕਤੀ ਦੀ ਕਿਸ਼ੋਰ ਅਵਸੱਥਾ ਨਾਲ ਮੇਲ ਖਾਂਦੀ ਹੈ ਜਦੋਂ ਵਿਅਕਤੀ ਦੇ ਆਪੇਂ ਦਾ ਪੂਰਾ ਵਿਕਾਸ ਹੋ ਜਾਂਦਾ ਹੈ ਅਤੇ ਉਹ ਆਪਣੀਆਂ ਸਮਾਜਿਕ ਪਰੰਪਰਾਵਾਂ ਅਤੇ ਸੰਸਕ੍ਰਿਤੀ ਤੋਂ ਪੂਰੀ ਤਰ੍ਹਾਂ ਜਾਣੂ ਹੋ ਜਾਂਦਾ ਹੈ ਅਤੇ ਮਿਥੇ ਨਿਯਮਾਂ ਅਨੁਸਾਰ ਵਿਵਹਾਰ ਕਰਨਾ ਸ਼ੁਰੂ ਕਰ ਦਿੰਦਾ ਹੈ ਉਹ ਸੁਪਰ-ਈਗੋ ਦੀ ਸਥਿਤੀ ਹੁੰਦੀ ਹੈ । ਉਹ ਚੰਗੇ ਅਤੇ ਮਾੜੇ ਵਿਚ ਨੈਤਿਕ ਅਤੇ ਅਨੈਤਿਕ ਵਿਚ ਫ਼ਰਕ ਸਮਝਣ ਲੱਗ ਜਾਂਦਾ ਹੈ । ਇਸ ਅਵੱਸਥਾ ਵਿਚ ਆਦਰਸ਼ ਅਤੇ ਨੈਤਿਕਤਾ ਭਾਰੂ ਹੁੰਦੀ ਹੈ । ਵਿਅਕਤੀ ਨੂੰ ਇਸ ਗੱਲ ਦੀ ਸਮਝ ਹੁੰਦੀ ਹੈ ਕਿ ਸਮਾਜਿਕ ਕਦਰਾਂ-ਕੀਮਤਾਂ ਉਸ ਤੋਂ ਕਿਹੋ ਜਿਹੇ ਵਿਵਹਾਰ ਦੀ ਖ਼ੁਹਾਇਸ਼ ਕਰਦੀਆਂ ਹਨ ਅਤੇ ਕਿਹੋ ਜਿਹੀਆਂ ਬੰਦਿਸ਼ਾਂ ਉਸਤੇ ਲਗਾਉਂਦੀਆਂ ਹਨ । ਸੋ ਵਿਅਕਤੀ ਮਿਥੇ ਸਮਾਜਿਕ ਨਿਯਮਾਂ ਅਨੁਸਾਰ ਵਿਵਹਾਰ ਕਰਦਾ ਹੈ । ਇਸ ਕਰਕੇ ਸੁਪਰ ਈਗੋ ਨੂੰ Society principle ਨਾਲ ਜੁੜਿਆ ਹੋਇਆ ਆਖਿਆ ਜਾਂਦਾ ਹੈ ਕਿਉਂਕਿ ਇਹ ਕੇਵਲ ਸਮਾਜ ਦੀਆਂ ਕਦਰਾਂ-ਕੀਮਤਾਂ ਤੇ ਉਨ੍ਹਾਂ ਦੀ ਪਾਲਣਾ ਤੇ ਪਹਿਰਾ ਦਿੰਦੀ ਹੈ । ਜੇਕਰ ਬਚਪਨ ਵਿਚ ਇਸ ਵਿਅਕਤੀ ਦਾ ਸਮਾਜੀਕਰਨ ਠੀਕ ਢੰਗ ਨਾਲ ਹੋਇਆ ਹੈ ਤਾਂ ਉਸਦੇ ਵਿਅਕਤਿਤਵ ਵਿਚੋਂ ਕਿਸੇ ਕਿਸਮ ਦੇ ਅਨਉਚਿਤ ਵਿਵਹਾਰ ਦੀ ਝਲਕ ਨਹੀਂ ਮਿਲੇਗੀ ਪਰ ਜੇਕਰ ਉਸਦੇ ਸ਼ੁਰੂ ਦੇ ਸਮਾਜੀਕਰਨ ਵਿਚ ਕੋਈ ਕਮੀ ਰਹਿ ਗਈ ਹੋਵੇ ਤਾਂ ਉਹ ਸਮਾਜ ਦੇ ਵਿਪਰੀਤ ਕਾਰਜ ਕਰਦਾ ਹੈ ਜਿਨ੍ਹਾਂ ਦੀ ਸਮਾਜ ਆਗਿਆ ਨਹੀਂ ਦਿੰਦਾ ਜਿਵੇਂ ਚੋਰੀ, ਕਤਲ ਆਦਿ ।

ਫਰਾਇਡ ਦਾ ਮੰਨਣਾ ਹੈ ਕਿ ਸੁਪਰ ਈਗੋ ਦੀ ਸਥਿਤੀ ਹੀ ਸਮਾਜੀਕਰਣ ਦੀ ਸਥਿਤੀ ਹੈ । ਜਦੋਂ ਕਿ ਵਿਅਕਤੀ ਸਮਾਜਿਕ ਨਿਯਮਾਂ ਅਨੁਸਾਰ ਚੱਲਣਾ ਸ਼ੁਰੂ ਕਰ ਦਿੰਦਾ ਹੈ । ਉਸ ਦੀਆਂ ਮੂਲ ਪ੍ਰਵਿਰਤੀਆਂ (basic instincts) ਤੇ ਆਧਾਰਿਤ ਵਿਵਹਾਰ ਸਮਾਜਿਕ ਵਿਵਹਾਰ ਵਿਚ ਬਦਲ ਜਾਂਦਾ ਹੈ । ਉਸਦਾ ਹਰੇਕ ਕਾਰਜ ਉਸ ਸਮਾਜ ਦੀ ਪਰੰਮਪਰਾ ਸੰਸਕ੍ਰਿਤੀ, ਕਦਰਾਂ-ਕੀਮਤਾਂ, ਨਿਯਮਾਂ ਤੇ ਆਧਾਰਿਤ ਹੁੰਦਾ ਹੈ । ਪਰ ਜੇਕਰ ਸੁਪਰ ਈਗੋ ਕਮਜ਼ੋਰ ਹੋਵੇ ਤਾਂ ਉਹ ਸਮਾਜ ਵਲੋਂ ਦਰਸਾਏ ਰਸਤੇ ਤੋਂ ਭਟਕ ਜਾਂਦਾ ਹੈ ਅਤੇ ਅਪਰਾਧ ਕਰਦਾ ਹੈ ।

## ਆਪਣਾ ਗਿਆਨ ਪਰਖੋ

(ੳ) ਫਰਾਇਡ ਨੇ ਸਮਾਜੀਕਰਨ ਦੇ ਕਿੰਨੇ ਪੜਾਅ ਦਸੇ ਹਨ ਅਤੇ ਕਿਹੜੇ ?

---

---

---

(ਅ) ਫਰਾਇਡ ਨੇ ਸਮਾਜੀਕਰਨ ਦੀ ਪ੍ਰਕ੍ਰਿਆ ਦਾ ਮਨੋਵਿਗਿਆਨਕ ਵਿਸਲੇਸ਼ਣ ਕਿਵੇਂ ਕੀਤਾ ਹੈ?

---

---

---

(ੲ) ਫਰਾਇਆਂ ਅਨੁਸਾਰ ਆਪੇ ਦਾ ਵਿਕਾਸ ਕਿਵੇਂ ਹੁੰਦਾ ਹੈ ?

---

---

---

### 2.2.8 ਸਾਰ

ਉਪਰੋਕਤ ਚਰਚਾ ਤੋਂ ਅਸੀਂ ਇਸ ਨਤੀਜੇ ਤੇ ਪਹੁੰਚਦੇ ਹਾਂ ਕਿ ਆਪੇ ਦਾ ਵਿਕਾਸ ਸਮਾਜੀਕਰਨ ਦੀ ਹੀ ਪ੍ਰਕ੍ਰਿਆ ਹੈ । ਹਰੇਕ ਵਿਅਕਤੀ ਦੇ ਆਪੇ ਦਾ ਵਿਕਾਸ (Development of Self) ਹੁੰਦਾ ਹੈ ਇਹ ਪ੍ਰਕ੍ਰਿਆ ਹੀ ਸਮਾਜੀਕਰਨ ਅਖਵਾਉਂਦੀ ਹੈ ਜਿਹੜੀ ਵਿਅਕਤੀਆਂ ਨੂੰ ਸਮਾਜ ਵਿਚ ਵਿਚਰਣ ਦੇ ਯੋਗ ਬਣਾਉਂਦੀ ਹੈ ਅਤੇ ਸਮਾਜ ਦਾ ਹਿੱਸਾ ਬਣਾਉਂਦੀ ਹੈ । ਇਸ ਨਾਲ ਹੀ ਸਮਾਜਿਕ ਵਿਵਸਥਾ ਬਣੀ ਰਹਿੰਦੀ ਹੈ । ਕੂਲੇ, ਮੀਡ ਅਤੇ ਫਰਾਇਡ ਨੇ ਆਪਣੇ ਆਪਣੇ ਤਰੀਕੇ ਨਾਲ ਇਸ ਆਪੇ ਦੇ ਵਿਕਾਸ ਨੂੰ ਸਮਝਾਉਣ ਦਾ ਯਤਨ ਕੀਤਾ ਹੈ । ਵਿਅਕਤੀ ਦਾ ਸਮਾਜੀਕਰਨ ਕਿਸੇ ਖਾਸ ਸਮੇਂ ਵਿਚ ਨਹੀਂ ਹੁੰਦਾ ਬਲਕਿ ਇਹ ਤਾਂ ਨਿਰੰਤਰ ਚਲਣ ਵਾਲੀ ਪ੍ਰਕ੍ਰਿਆ ਹੈ ਜਿਹੜੀ ਜਨਮ ਤੋਂ ਲੈ ਕੇ ਮਰਨ ਤੱਕ ਚਲਦੀ ਰਹਿੰਦੀ ਹੈ। ਜਦੋਂ ਵਿਅਕਤੀ ਸਮਾਜ ਦੇ ਬਣਾਏ ਨਿਯਮਾਂ ਅਨੁਸਾਰ ਵਿਵਹਾਰ ਕਰਨ ਲੱਗ ਪੈਂਦਾ ਹੈ ਤਾਂ ਸਮਝਿਆ ਜਾਂਦਾ ਹੈ ਕਿ ਉਸਦਾ ਸਮਾਜਿਕ ਆਪਾ ਵਿਕਸਤ ਹੋ ਗਿਆ ਹੈ ਅਤੇ ਉਹ ਸਿਰਫ ਮੈਂ ਤੇ ਮੇਰੇ ਤੱਕ ਹੀ ਸੀਮਿਤ ਨਹੀਂ ਬਲਕਿ ਆਮ ਦੂਸਰਿਆਂ (Generalized Other) ਬਾਰੇ ਵੀ ਸੁਚੇਤ ਹੋ ਗਿਆ ਹੈ। ਉਸਦਾ ਵਿਵਹਾਰ ਸਮਾਜਿਕ ਹੋ ਗਿਆ ਹੈ । ਸੋ ਆਖਿਰ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਵਿਅਕਤੀ ਨੂੰ ਸਮਾਜ ਦਾ ਹਿੱਸਾ ਬਣਾਉਣ ਲਈ ਉਸਦਾ ਸਮਾਜੀਕਰਨ ਬਹੁਤ ਜ਼ਰੂਰੀ

ਹੈ ਅਤੇ ਸਮਾਜੀਕਰਨ ਦੀ ਇਹ ਪ੍ਰਕਿਆ ਸਰਵ-ਵਿਆਪਕ ਹੈ ।

**2.2.9 ਮੁੱਖ ਸ਼ਬਦ**

**ਮਨੋਵਿਸ਼ਲੇਸ਼ਣ** : ਇਹ ਸਿਧਾਂਤ ਸਿਗਮੰਡ ਫਰਾਇਡ ਦੁਆਰਾ ਦਿਤਾ ਗਿਆ ਹੈ ਜਿਹੜਾ ਕਿ ਵਿਸ਼ੇਸ਼ ਕਰ ਮਨ ਦੇ ਦਮਨ ਅਤੇ ਅੰਤਰ ਸੰਘਰਸ਼ ਦੀਆਂ ਮੁਸ਼ਕਿਲਾਂ ਨਾਲ ਸੰਬੰਧਿਤ ਹੈ ਅਤੇ ਅਚੇਤ ਖੁਹਾਇਸ਼ਾਂ ਨੂੰ ਸੁਚੇਤ ਰੂਪ ਵਿਚ ਲਿਆਉਣ ਲਈ ਹੈ ।

**ਇਡੀਪਸ ਕੰਮਪਲੈਕਸ** ਇਹ ਉਹ ਅਵਸਥਾ ਹੈ ਜਿਸ ਵਿਚ ਇਕ ਲੜਕੇ ਦਾ ਆਪਣੀ ਮਾਂ ਵੱਲ ਝੁਕਾਅ ਹੁੰਦਾ ਹੈ ਅਤੇ ਉਹ ਆਪਣੇ ਪਿਤਾ ਤੋ ਨਫ਼ਰਤ ਕਰਦਾ ਹੈ ।

**ਇਲੈਕਟਰਾਂ ਕੰਮਪਲੈਕਸ** : ਜਦੋਂ ਕਿਸੇ ਲੜਕੀ ਦਾ ਆਪਣੇ ਪਿਤਾ ਵੱਲ ਝੁਕਾਅ ਹੋ ਜਾਂਦਾ ਹੈ

**2.2.10 ਅਭਿਆਸ ਲਈ ਪ੍ਰਸ਼ਨ**

**ਵੱਡੇ ਪ੍ਰਸ਼ਨ**

(ੳ) ਸਮਾਜੀਕਰਨ ਕਿਸਨੂੰ ਆਖਦੇ ਹਨ ? ਕੂਲੇ ਅਨੁਸਾਰ ਵਿਅਕਤੀ ਦਾ ਸਮਾਜੀਕਰਨ ਕਿਵੇ ਹੁੰਦਾ ਹੈ?

(ਅ) ਮਨੁੱਖ ਦੇ ਸਮਾਜੀਕਰਨ ਨੂੰ ਮੀਡ ਨੇ ਕਿਵੇਂ ਬਿਆਨ ਕੀਤਾ ਹੈ ?

(ੲ) ਫਰਾਇਡ ਅਨੁਸਾਰ ਵਿਅਕਤੀ ਦਾ ਸਮਾਜੀਕਰਨ ਕਿਹੜੇ ਕਿਹੜੇ ਪੜਾਵਾਂ ਤੇ ਹੁੰਦਾ ਹੈ ਵਿਆਖਿਆ ਕਰੋ ।

(ਸ) ਆਪੇ ਦਾ ਵਿਕਾਸ ਕਿਸਨੂੰ ਆਖਦੇ ਹਨ ? ਕੂਲੇ ਮੀਡ ਅਤੇ ਫਰਾਇਡ ਦੇ ਇਸ ਬਾਰੇ ਕੀ ਵਿਚਾਰ ਹਨ ? ਸੰਖੇਪ ਵਿਚ ਬਿਆਨ ਕਰੋ ।

**ਸੰਖੇਪ ਪ੍ਰਸ਼ਨ**

(ੳ) ਸ਼ਵੈ ਦਰਸ਼ੀ ਸ਼ੀਸ਼ਾ

(ਅ) ਨਕਲ ਪੜਾਅ

(ੲ) ਖੇਡ ਪੜਾਅ

(ਸ) ਇਡ

(ਹ) ਈਗੋ

(ਕ) ਸੁਪਰ ਇਗੋ

(ਖ) ਅਚੇਤ ਮਨ

(ਗ) ਸੁਚੇਤ ਮਨ

**2.2.11 ਉਪਯੋਗੀ ਪੁਸਤਕਾਂ**


| | | |
|---|---|---|
| Charles H. Cooley | : | Intorductory Society |
| Mead George H. | : | Mind, Self and Society |
| Young Kimball | : | Hand book of Social Psychology |
| Freud S. | : | Psychoanalysis |
| Johnson H.M. | : | Sociology |

ਪਾਠ ਨੰਬਰ : 2.3 ਲੇਖਿਕਾ :ਡਾ. ਹਰਿੰਦਰ ਕੌਰ

**Last Updated: August, 2023**

# ਸਭਿਆਚਾਰ (Culture)

**ਪਾਠ ਦੀ ਬਣਤਰ :**


2.3.0 ਉਦੇਸ਼

2.3.1 ਜਾਣ ਪਛਾਣ

2.3.2 ਸਭਿਆਚਾਰ ਦੀਆਂ ਪਰਿਭਾਸ਼ਾਵਾਂ

2.3.3 ਸਭਿਆਚਾਰ ਦੀਆਂ ਵਿਸ਼ੇਸ਼ਤਾਈਆਂ

2.3.3.1 ਇਹ ਮਨੁੱਖ ਦੀ ਸਮੂਹਿਕ ਸਿਰਜਣਾ ਹੈ।

2.3.3.2 ਇਹ ਸਿੱਖਿਆ ਜਾਣ ਵਾਲਾ ਵਿਵਹਾਰ ਹੈ।

2.3.3.3 ਸਭਿਆਚਾਰ ਪੀੜ੍ਹੀ-ਦਰ-ਪੀੜ੍ਹੀ ਚਲਦਾ ਹੈ।

2.3.3.4 ਸਭਿਆਚਾਰ ਵੰਡਿਆ ਜਾਂਦਾ ਹੈ।

2.3.3.5 ਸਭਿਆਚਾਰ ਸੰਤੁਸ਼ਟਤਾ ਦਿੰਦਾ ਹੈ।

2.3.3.6 ਇਸ ਵਿਚ ਅਨੁਕੂਲਣਸ਼ੀਲਤਾ ਦਾ ਗੁਣ ਹੈ।

2.3.3.7 ਇਹ ਲੋਕਾਂ ਨੂੰ ਸੰਗਠਿਤ ਕਰਦਾ ਹੈ।

2.3.3.8 ਸਭਿਆਚਾਰ ਦੀ ਕਲਪਨਾਤਮਕ ਵਿਸ਼ੇਸ਼ਤਾ ।

2.3.4 ਸਭਿਆਚਾਰ ਦੀਆਂ ਕਿਸਮਾਂ

2.3.4.1 ਲੁੱਪਤ ਅਤੇ ਅਲੁੱਪਤ ਸਭਿਆਚਾਰ

2.3.4.2 ਜਿਉਂਦਾ ਤੇ ਮੁਰਦਾ ਸਭਿਆਚਾਰ

2.3.4.3 ਸਭਿਆਚਾਰ, ਉਪਸਭਿਆਚਾਰ ਅਤੇ ਪ੍ਰਤਿਕੂਲ ਸਭਿਆਚਾਰ

2.3.4.4 ਪਦਾਰਥਕ ਅਤੇ ਅਪਾਦਰਥਕ ਸਭਿਆਚਾਰ

2.3.4.4.1 ਪਦਾਰਥਕ ਸਭਿਆਚਾਰ ਦੀਆਂ ਵਿਸ਼ੇਸ਼ਤਾਈਆਂ

2.3.4.4.2 ਅਪਦਾਰਥਕ ਸਭਿਆਚਾਰ ਦੀਆਂ ਵਿਸ਼ੇਸ਼ਤਾਈਆਂ

2.3.4.4.3 ਪਦਾਰਥਕ ਅਤੇ ਅਪਦਾਰਥਕ ਸਭਿਆਚਾਰ ਵਿਚ ਅੰਤਰ

2.3.5 ਸਭਿਆਚਾਰ ਤੇ ਤੱਤ

2.3.5.1 ਸੰਗਿਆਨਕ

2.3.5.2 ਵਿਸ਼ਵਾਸ

2.3.5.3 ਸੰਕੇਤ

2.3.5.4 ਕੀਮਤਾਂ

2.3.5.5 ਭਾਸ਼ਾ

2.3.6 ਸਭਿਆਚਾਰ ਦੇ ਕੰਮ

2.3.7 ਸਭਿਆਚਾਰ ਨਾਲ ਸੰਬੰਧਤ ਹੋਰ ਸੰਕਲਪ

2.3.7.1 ਸੰਸਕ੍ਰਿਤਕ ਲੱਛਣ

2.3.7.2 ਸੰਸਕ੍ਰਿਤਕ ਸੰਸਲੇਸ਼

2.3.7.3 ਸੰਸਕ੍ਰਿਤਕ ਪ੍ਰਤੀਮਾਨ

2.3.7.4 ਸੰਸਕ੍ਰਿਤਕ ਪਸਰਾਓ

2.3.8 ਸਾਰ

2.3.9 ਮੁੱਖ ਸ਼ਬਦ

2.3.10 ਅਭਿਆਸ ਲਈ ਪ੍ਰਸ਼ਨ

2.3.11 ਉਪਯੋਗੀ ਪੁਸਤਕਾਂ


## 2.3.0 ਉਦੇਸ਼

ਇਸ ਪਾਠ ਨੂੰ ਪੜ੍ਹਨ ਉਪਰੰਤ ਤੁਹਾਨੂੰ ਸਭਿਆਚਾਰ ਦੀ ਵਿਸਥਾਰ ਪੂਰਵਕ ਜਾਣਕਾਰੀ ਹਾਸਲ ਹੋਵੇਗੀ ਅਤੇ ਤੁਸੀ ਇਹ ਸਮਝ ਸਕੋਗੇ ਕਿ :

- ਸਭਿਆਚਾਰ ਕੀ ਹੈ ਅਤੇ ਇਸ ਦੀਆਂ ਕੀ ਵਿਸ਼ੇਸ਼ਤਾਈਆਂ ਹਨ ?
- ਸਭਿਆਚਾਰ ਦੀਆਂ ਕਿਸਮਾਂ ਦੀ ਜਾਣਕਾਰੀ ਪ੍ਰਾਪਤ ਕਰ ਸਕੋਗੇ।
- ਇਸ ਗੱਲ ਤੋਂ ਜਾਣੂ ਹੋ ਸਕੋਗੇ ਕਿ ਸਭਿਆਚਾਰ ਕਿਨ੍ਹਾਂ ਅੰਗਾਂ ਤੋਂ ਮਿਲ ਕੇ ਬਣਦਾ ਹੈ ਭਾਵ ਇਸ ਦੇ ਤੱਤ ਕਿਹੜੇ-ਕਿਹੜੇ ਹਨ ?
- ਸਭਿਆਚਾਰ ਦੇ ਕੰਮਾਂ ਬਾਰੇ ਗਿਆਨ ਪ੍ਰਾਪਤ ਕਰ ਸਕੋਗੇ।

## 2.3.1 ਜਾਣ-ਪਛਾਣ

ਇਸ ਗੱਲ ਤੋਂ ਅਸੀ ਭਲੀ-ਭਾਂਤ ਵਾਕਿਫ਼ ਹਾਂ ਕਿ ਮਨੁੱਖ ਇਕ ਸਮਾਜਿਕ ਪ੍ਰਾਣੀ ਹੈ। ਉਹ ਇਕੱਲਾ ਨਹੀਂ ਰਹਿ ਸਕਦਾ। ਆਪਣੀਆਂ ਲੋੜਾਂ ਨੂੰ ਪੂਰਾ ਕਰਨ ਦੇ ਲਈ ਉਹ ਅਲੱਗ-ਅਲੱਗ ਵਿਅਕਤੀ ਅਤੇ ਸਮੂੰਹਾਂ ਨਾਲ ਸੰਪਰਕ ਵਿਚ ਆਉਂਦਾ ਹੈ। ਉਨ੍ਹਾਂ ਨਾਲ ਸੰਪਰਕ ਵਿਚ ਆਉਣ ਤੇ ਉਹ ਦੂਜੇ ਵਿਅਕਤੀਆਂ ਜਾਂ ਸਮੂੰਹਾਂ ਦੇ ਖਿਆਲ, ਵਤੀਰੇ, ਕਦਰਾਂ-ਕੀਮਤਾਂ ਅਤੇ ਆਦਤਾਂ ਸਿੱਖਦਾ ਹੈ। ਇਹ ਸੱਭ ਕੁਝ ਨੂੰ ਹੀ ਸਭਿਆਚਾਰ ਆਖਦੇ ਹਨ।

ਸਭਿਆਚਾਰ ਜਿਸ ਨੂੰ ਅੰਗਰੇਜ਼ੀ ਵਿਚ ਕਲਚਰ ਕਿਹਾ ਜਾਂਦਾ ਹੈ। ਕਈ ਤਰੀਕਿਆਂ ਨਾਲ ਵਰਤੋਂ ਵਿਚ ਲਿਆਦਾ ਜਾਂਦਾ ਹੈ। ਆਮ ਬੋਲ ਚਾਲ ਵਿਚ ਇਸ ਦਾ ਅਰਥ ਸਿਸ਼ਟਤਾ ਜਾਂ ਸਭਿਅਕ ਹੋਣ ਤੋਂ ਹੈ, ਫਿਲਾਸਫੀ ਅਤੇ ਸਾਹਿਤਕ ਸਿਧਾਂਤ ਵਿਚ ਇਸ ਨੂੰ ਮਨੁੱਖੀ ਵਿਕਾਸ ਦੇ ਲਈ ਵਰਤਿਆ ਜਾਂਦਾ ਹੈ ਅਤੇ ਵਿਗਿਆਨਕ ਤੌਰ ਤੇ ਜੀਵਾਣੂਆ ਦੀ ਉਤਪਤੀ ਦੇ ਲਈ ਪ੍ਰਯੋਗ ਕੀਤਾ ਜਾਂਦਾ ਹੈ। ਪਰ ਸਮਾਜ ਵਿਗਿਆਨ ਲਈ ਕਲਚਰ ਦਾ ਅਰਥ ਹੈ ਸਭਿਆਚਾਰ। ਸਭਿਆਚਾਰ ਵਿਚ ਉਹ ਸਭ ਕੁਝ ਸ਼ਾਮਿਲ ਹੈ ਜੋ ਮਨੁੱਖ ਨੂੰ ਪਸ਼ੂਆਂ ਦੇ ਸਮਾਜ ਨਾਲੋਂ ਵੱਖ

ਕਰਦਾ ਹੈ। ਸਾਡੀਆਂ ਕਦਰਾਂ ਕੀਮਤਾਂ, ਵਿਚਾਰਧਾਰਾਵਾਂ ਵਿਸ਼ਵਾਸ਼, ਕਲਾ, ਗਿਆਨ, ਨੈਤਿਕ ਨਿਯਮ, ਕਾਨੂੰਨ ਪ੍ਰਥਾ, ਭਾਵਨਾਵਾਂ, ਵਸਤਾਂ, ਸਾਡੇ ਬੋਲ-ਚਾਲ ਦੇ ਤਰੀਕੇ ਅਤੇ ਵਿਵਹਾਰ ਸਭਨਾਂ ਨੂੰ ਮਿਲ ਕੇ ਸਾਡਾ ਸਭਿਆਚਾਰ ਬਣਦਾ ਹੈ। ਸੰਸਾਰ ਦਾ ਕੋਈ ਵੀ ਵਿਅਕਤੀ ਜਾਂ ਸਮੂਹ ਸਭਿਆਚਾਰ ਤੋਂ ਵਾਂਝਾ ਨਹੀਂ ਕਿਉਂਕਿ ਸਭਿਆਚਾਰ ਵਿਅਕਤੀਆਂ ਦੇ ਵਿਵਹਾਰਿਕ ਢੰਗ ਦਾ ਸੰਗ੍ਰਹਿ ਹੀ ਹੈ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਸਾਨੂੰ ਸਭਿਆਚਾਰ ਦੀ ਜ਼ਰੂਰਤ ਕਿਉ ਪੈਂਦੀ ਹੈ ? ਸਾਡੇ ਸਮਾਜਿਕ ਸੰਬੰਧਾਂ, ਰਿਸ਼ਤਿਆਂ, ਕ੍ਰਿਆਵਾਂ, ਪ੍ਰਕ੍ਰਿਆਵਾਂ ਅਤੇ ਸਮਾਜਿਕ ਢਾਂਚੇ ਨੂੰ ਸਮਝਣ ਦੇ ਲਈ ਸਾਨੂੰ ਸਾਡੀਆਂ ਸਭਿਆਚਾਰਕ ਕੀਮਤਾਂ, ਆਦਰਸ਼ਾ ਅਤੇ ਨਿਯਮਾਂ ਨੂੰ ਸਮਝਣਾ ਬਹੁਤ ਜ਼ਰੂਰੀ ਹੈ ਕਿਉਂਕਿ ਸਾਡੇ ਸਮਾਜਿਕ ਰਿਸ਼ਤਿਆਂ ਅਤੇ ਸੰਬੰਧਾਂ ਦਾ ਵਿਕਾਸ ਸੰਚਾਲਨ ਅਤੇ ਨਿਰਦੇਸ਼ਨ ਸਭਿਆਚਾਰਕ ਕੀਮਤਾਂ ਅਤੇ ਨਿਯਮਾਂ ਦੁਆਰਾ ਹੀ ਹੁੰਦਾ ਹੈ। ਸਭਿਆਚਾਰ ਮਨੁੱਖ ਦੀਆਂ ਕੋਸ਼ਿਸ਼ਾਂ ਦਾ ਨਿਚੋੜ ਹੈ ਜਿਨ੍ਹਾਂ ਦੁਆਰਾ ਮਨੁੱਖ ਆਪਣੇ ਆਪ ਨੂੰ ਵਾਤਾਵਰਣ ਅਨੁਸਾਰ ਢਾਲਦਾ ਹੈ ਅਤੇ ਆਪਣੇ ਜੀਵਨ ਢੰਗ ਵਿਚ ਸੁਧਾਰ ਲਿਆਉਂਦਾ ਹੈ। ਜਿੱਥੋਂ ਤੱਕ ਸਭਿਆਚਾਰ ਦੇ ਉਤਪੰਨ ਹੋਣ ਦੀ ਗੱਲ ਹੈ ਇਹ ਆਦਿ ਮਨੁੱਖ ਦੇ ਨਾਲ ਹੀ ਪੈਦਾ ਹੋਇਆ ਹੈ ਅਤੇ ਪੀੜ੍ਹੀ-ਦਰ-ਪੀੜ੍ਹੀ ਚਲਦਾ ਆ ਰਿਹਾ ਹੈ। ਸਮੇਂ-ਸਮੇਂ ਸਿਰ ਸਭਿਆਚਾਰ ਵਿਚ ਪਰਿਵਰਤਨ ਹੁੰਦੇ ਰਹਿੰਦੇ ਹਨ ਕਿਉਂਕਿ ਸਮਾਜ ਵਿਚ ਨਵੀਆਂ ਕਦਰਾਂ ਕੀਮਤਾਂ, ਅਨੁਭਵ ਅਤੇ ਸਿਧਾਂਤ ਪੈਦਾ ਹੁੰਦੇ ਰਹਿੰਦੇ ਹਨ।

### 2.3.2 ਸਭਿਆਚਾਰ ਦੀਆਂ ਪਰਿਭਾਸ਼ਾਵਾਂ :

(ੳ) ਮਾਲੀਨੋਵਸਕੀ ਅਨੁਸਾਰ ਸਭਿਅਚਾਰ ਨੂੰ ਵਿਉਤਪਨ ਲੋੜਾਂ ਦੀ ਵਿਵਸਥਾ ਅਤੇ ਉਦੇਸ਼ ਪੂਰਣ ਕ੍ਰਿਆਵਾਂ ਦੀ ਸੰਗਠਿਤ ਵਿਵਸਥਾ ਦੱਸਦਾ ਹੈ।

(ਅ) ਮੈਕਾਈਵਰ ਅਤੇ ਪੇਜ਼ ਦਾ ਮੰਨਣਾ ਹੈ ਕਿ ਸਾਡੇ ਰਹਿਣ ਸਹਿਣ, ਸੋਚਣ ਦੇ ਤਰੀਕਿਆਂ, ਰੋਜ਼ ਦੀਆਂ ਅੰਤਰ ਕ੍ਰਿਅਵਾਂ, ਮਨੋਰੰਜਨ ਅਤੇ ਅਨੰਦ ਵਿਚ ਸਾਡੇ ਸਭਿਆਚਰ ਦੀ ਪ੍ਰਕ੍ਰਿਤੀ ਦਾ ਪ੍ਰਗਟਾਵਾ ਹੈ।

(ੲ) ਈ.ਬੀ. ਟਾਇਲਰ ਸਭਿਆਚਾਰ ਨੂੰ ਉਹ ਜਟਿਲ ਸਮੱਗਰਤਾ ਸਮਝਦਾ ਹੈ ਜਿਸ ਵਿਚ ਗਿਆਨ , ਵਿਸ਼ਵਾਸ਼, ਕਲਾ, ਨੈਤਿਕ ਨਿਯਮ, ਕਾਨੂੰਨ, ਪ੍ਰਥਾ ਅਤੇ ਅਜਿਹੀਆਂ ਹੀ ਹੋਰ ਯੋਗਤਾਵਾਂ ਅਤੇ ਆਦਤਾਂ ਸ਼ਾਮਿਲ ਹਨ, ਜਿਨ੍ਹਾਂ ਨੂੰ ਮਨੁੱਖ ਨੇ ਸਮਾਜ ਦੇ ਮੈਂਬਰ ਹੋਣ ਦੀ ਹੈਸੀਅਤ ਵਿਚ ਪ੍ਰਾਪਤ ਕੀਤਾ ਹੈ।

(ਸ) ਲੈਜ਼ਲੀ ਵਾਈਟ ਦਾ ਕਹਿਣਾ ਹੈ ਕਿ ਸਭਿਆਚਾਰ ਕੁਝ ਪਰ-ਘਟਨਾਂਵਾਂ ਦਾ ਸੰਗਠਨ ਹੈ। ਕ੍ਰਿਆਵਾਂ (ਵਿਵਹਾਰ, ਪ੍ਰਤਿਮਾਨ) ਵਸਤਾਂ (ਔਜਾਰ ਅਤੇ ਔਜਾਰਾਂ ਨਾਲ ਬਣੀਆਂ ਵਸਤਾਂ) ਵਿਚਾਰ (ਵਿਸ਼ਵਾਸ, ਗਿਆਨ) ਅਤੇ ਭਾਵਨਾਵਾਂ (ਰਵੀਏ, ਕੀਮਤਾਂ ਜੋ ਕਿ ਚਿੰਨਾ ਦੇ ਪ੍ਰਯੋਗ ਉਤੇ ਨਿਰਭਰ ਹਨ) ਉਸ ਅਨੁਸਾਰ ਸਭਿਆਚਾਰ ਦਾ ਆਰੰਭ ਉਸ ਸਮੇਂ ਤੋਂ ਹੋਇਆ ਜਦੋਂ ਪਰਿਮਟਿਵ ਮਨੁੱਖ ਨੇ ਪ੍ਰਤੀਕ ਜਾਂ ਚਿੰਨ੍ਹਾਂ ਦਾ ਪ੍ਰਯੋਗ ਸ਼ੁਰੂ ਕੀਤਾ। ਆਪਣੀ ਪ੍ਰਤੀਕਾਤਮਕ ਪ੍ਰਕ੍ਰਿਤੀ ਦੇ ਕਾਰਨ ਸੰਸਕ੍ਰਿਤੀ ਆਸਾਨੀ ਨਾਲ ਇਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਵਿਚ ਚਲੀ ਜਾਂਦੀ ਹੈ।

(ਹ) ਗਿਲਿਨ ਅਤੇ ਗਿਲਿਨ ਅਨੁਸਾਰ ਸਭਿਆਚਾਰ ਇਕ ਮਨੋਵਿਗਿਆਨਕ ਵਰਤਾਰਾ ਹੈ ਜੋ ਵਿਵਹਾਰ ਦੇ ਰੂਪ ਵਿਚ ਦਿਸਣਯੋਗ ਹੈ। ਸਭਿਆਚਾਰ ਵਿਵਹਾਰ ਦੋਵੇ ਮਾਨਸਿਕ ਅਤੇ ਬਾਹਰੀ ਪ੍ਰਤੀਮਾਨਾਂ ਨੂੰ ਆਪਣੇ ਵਿਚ ਸ਼ਾਮਿਲ ਕਰਦਾ ਹੈ ਜਿਹੜੇ ਸਮਾਜ ਵਿਚ ਸਮਾਨਯ ਹਨ ਜਿਨ੍ਹਾਂ ਨੂੰ ਵਿਅਕਤੀ ਨੇ ਸਿੱਖਿਆ ਹੈ ਅਤੇ ਜਿਨ੍ਹਾਂ ਨੂੰ ਸਿੱਖਣ ਦੀ ਪ੍ਰਕ੍ਰਿਆ ਰਾਹੀ ਹੀ ਇਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਵਿਚ ਸੰਚਾਰਤ ਕੀਤਾ ਹੈ।

(ਕ) ਔਗਬਰਨ ਅਤੇ ਨਿਮਕੋਫ਼ ਨੇ ਸਭਿਆਚਾਰ ਨੂੰ ਦੋ ਭਾਗਾਂ ਵਿਚ ਵੰਡਿਆ ਹੈ, ਇਹ ਹਨ : ਪਦਾਰਥਕ ਅਤੇ ਅਪਦਾਰਥ ਸਭਿਆਚਾਰ। ਪਦਾਰਥਕ ਸਭਿਆਚਾਰ ਤੋਂ ਭਾਵ ਸਭ ਸਥੂਲ ਵਸਤਾਂ ਜਿਵੇਂ ਘਰ, ਔਜ਼ਾਰ, ਬਰਤਨ, ਪੁਸ਼ਾਕ ਅਤੇ ਵਿਚਾਰਾਂ ਨੂੰ ਪ੍ਰਗਟ ਕਰਨ ਦੇ ਸਥੂਲ ਢੰਗ ਜਿਵੇਂ ਕਿਤਾਬਾਂ ਆਦਿ। ਅਪਦਾਰਥਕ ਸਭਿਆਚਾਰ ਤੋਂ ਭਾਵ ਉਹ ਵਸਤਾਂ ਜਿਨ੍ਹਾਂ ਪਿੱਛੇ ਛੁਪੇ ਵਿਚਾਰ, ਸੰਕਲਪ, ਤਕਨੀਕਾਂ, ਚਿੰਤਨ ਅਤੇ ਕਾਰਜ ਦੇ ਢੰਗ, ਕੀਮਤ ਅਤੇ ਭਾਵਾਤਮਕ ਪ੍ਰਤ੍ਰਿਕ੍ਰਿਆਵਾਂ ਅਤੇ ਸਾਧਾਰਣ ਰੂਪ ਵਿਚ ਮਨੁੱਖ

ਦੀਆਂ ਕਲਾਂ ਕਿਰਤਾਂ, ਮੂਰਤਾਂ ਜਾਂ ਸੂਖਮ ਰਚਨਾਵਾਂ ਜਿਵੇਂ ਭਾਸ਼ਾ ਅਤੇ ਸਾਹਿਤ, ਧਰਮ, ਗਿਆਨ ਅਤੇ ਕਾਨੂੰਨ ਆਦਿ।

(ਖ) ਮੈਕਸ ਵੈਬਰ ਨੇ ਸਭਿਆਚਾਰ ਨੂੰ ਪਰਿਭਾਸ਼ਿਤ ਕਰਦੇ ਹੋਏ ਇਸ ਨੂੰ ਸਭਿਅਤਾ ਨਾਲੋਂ ਨਿਖੇੜਿਆ ਹੈ। ਉਸ ਅਨੁਸਾਰ ਸਭਿਅਤਾ ਵਿਚ ਉਪਯੋਗੀ ਭੌਤਿਕ ਪਦਾਰਥ ਅਤੇ ਉਨ੍ਹਾਂ ਨੂੰ ਨਿਰਮਾਣ ਕਰਨ ਅਤੇ ਪ੍ਰਯੋਗ ਕਰਨ ਦੀਆਂ ਵਿਧੀਆਂ ਸ਼ਾਮਿਲ ਹੁੰਦੀਆਂ ਹਨ, ਜਦੋਂ ਕਿ ਸਭਿਆਚਾਰ ਵਿਚ ਕਿਸੇ ਸਮੂਹ ਦੇ ਆਦਰਸ਼, ਕੀਮਤਾਂ ਅਤੇ ਮਾਨਸਿਕ ਤੇ ਭਾਵਾਤਮਕ ਪਹਿਲੂ ਸ਼ਾਮਿਲ ਹੁੰਦੇ ਹਨ।

(ਗ) ਏ. ਡਬਲਿਊ ਗਰੀਨ ਨੇ ਲਿਖਿਆ ਹੈ ਕਿ ਸਭਿਆਚਾਰ ਕੇਵਲ ਤਾਂ ਹੀ ਸਭਿਅਤਾ ਬਣਦੀ ਹੈ ਜਦੋਂ ਉਸ ਕੋਲ ਇਕ ਲਿਖਤ ਭਾਸ਼ਾ ਵਿਗਿਆਨ, ਦਰਸ਼ਨ ਬਹੁਤ ਜ਼ਿਆਦਾ ਵਿਸ਼ੇਸ਼ੀਕਰਣ ਵਾਲਾ ਕਿਰਤ ਵੰਡ, ਇਕ ਜਟਿਲ ਪ੍ਰਵਿਧੀ ਅਤੇ ਰਾਜਨੀਤਿਕ ਪੱਧਤੀ ਹੋਵੇ।

ਉਪਰ ਦਿੱਤੀਆਂ ਪ੍ਰਸਿੱਧ ਮਨੋਵਿਗਿਆਨੀਆਂ ਅਤੇ ਸਮਾਜ ਵਿਗਿਆਨੀਆਂ ਦੀਆਂ ਪਰਿਭਾਸ਼ਾਵਾਂ ਤੋਂ ਕੁਝ ਮੁੱਖ ਗੱਲਾਂ ਉਭਰ ਕੇ ਸਾਹਮਣੇ ਆਉਂਦੀਆਂ ਹਨ, ਜਿਵੇਂ :

(1) ਮਨੁੱਖ ਵਿਚ ਹੀ ਇਹ ਸਮਰੱਥਾ ਹੈ ਕਿ ਉਹ ਗਿਆਨ, ਵਿਸ਼ਵਾਸ਼, ਕਲਾ, ਨੈਤਿਕਨਿਯਮ,ਕਾਨੂੰਨ, ਪ੍ਰਥਾ ਅਤੇ ਅਜਿਹੀਆਂ ਹੋਰ ਯੋਗਤਾਵਾਂ ਨੂੰ ਪ੍ਰਾਪਤ ਕਰ ਸਕਦਾ ਹੈ।

(2) ਸਭਿਆਚਾਰ ਦਾ ਜਨਮ ਪਰਿਮਟਿਵ ਮਨੁੱਖ ਦੇ ਨਾਲ ਹੀ ਹੋਇਆ।

(3) ਸਭਿਆਚਾਰ ਪੀੜ੍ਹੀ ਦਰ ਪੀੜ੍ਹੀ ਚਲਦੀ ਹੈ।

(4) ਸਭਿਆਚਾਰ ਕੁਝ ਪਰ-ਘਟਨਾਵਾਂ ਦਾ ਸੰਗਠਨ ਹੁੰਦਾ ਹੈ।

(5) ਸਭਿਆਚਾਰ ਮਨੁੱਖ ਦੀਆਂ ਕੋਸ਼ਿਸ਼ਾਂ ਦਾ ਨਿਚੋੜ ਹੈ ਜਿਨ੍ਹਾਂ ਦੁਆਰਾ ਮਨੁੱਖ ਆਪਣੇ-ਆਪ ਨੂੰ ਆਪਣੇ ਵਾਤਾਰਵਣ ਅਨੁਸਾਰ ਢਾਲਦਾ ਹੈ ਅਤੇ ਆਪਣੇ ਜੀਵਨ ਢੰਗ ਵਿਚ ਸੁਧਾਰ ਕਰਦਾ ਹੈ।

(6) ਸਭਿਆਚਾਰ ਇਕ ਮਨੋਵਿਗਿਆਨਕ ਵਰਤਾਰਾ ਹੈ।

(7) ਭੌਤਿਕ ਸਮਾਜਿਕ ਵਿਰਾਸਤ ਸਭਿਅਤਾ ਹੈ ਅਤੇ ਅਭੌਤਿਕ ਵਿਰਾਸਤ ਸੰਸਕ੍ਰਿਤੀ ਜਾਂ ਸਭਿਆਚਾਰ ਹੈ।

### 2.3.3 ਸਭਿਆਚਾਰ ਦੀਆਂ ਵਿਸ਼ੇਸ਼ਤਾਈਆਂ :

ਉਪਰੋਕਤ ਨੁਕਤਿਆਂ ਦੀ ਰੋਸ਼ਨੀ ਵਿਚ ਅਸੀ ਸਭਿਆਚਾਰ ਦੀਆਂ ਵਿਸ਼ੇਸ਼ਤਾਈਆਂ ਨੂੰ ਜਾਣ ਸਕਦੇ ਹਾਂ। ਸਭਿਆਚਾਰ ਦੀਆਂ ਕੁਝ ਕੁ ਮੁੱਖ ਵਿਸ਼ੇਸ਼ਤਾਈਆਂ ਹੇਠ ਲਿਖੀਆਂ ਹਨ :

**2.3.3.1 ਇਹ ਮਨੁੱਖ ਦੀ ਸੰਮੂਹਿਕ ਸਿਰਜਣਾ ਹੈ :** ਸਭਿਆਚਾਰ ਵਿਅਕਤੀਗਤ ਵਿਰਾਸਤ ਨਹੀਂ ਬਲਕਿ ਸਮਾਜਿਕ ਹੈ। ਇਹ ਸੰਮੂਹਿਕ ਸਿਰਜਨਾ ਹੈ। ਇਹ ਵਿਅਕਤੀ ਨੂੰ ਜਨਮ ਤੋਂ ਬਖ਼ਸ਼ਸ਼ ਵਿਚ ਨਹੀਂ ਮਿਲਦੀ ਸਗੋਂ ਮਨੁੱਖ ਇਸ ਨੂੰ ਸਿੱਖਦਾ ਤੇ ਖੁਦ ਰਚਦਾ ਹੈ। ਹਰੇਕ ਵਿਅਕਤੀ ਨੂੰ ਉਸਦੀ ਸਮਾਜਿਕ ਜ਼ਿੰਦਗੀ, ਭੌਤਿਕ ਚੌਗਿਰਦੇ ਅਤੇ ਆਪਣੇ ਸੁਭਾਅ ਅਨੁਸਾਰ ਲੋੜਾਂ ਪੂਰੀਆਂ ਕਰਨ ਲਈ ਸਭਿਆਚਾਰ ਦੀ ਜ਼ਰੂਰਤ ਪੈਂਦੀ ਹੈ। ਇਸ ਦੀ ਸਿਰਜਨਾ ਕਿਸੇ ਇਕ ਵਿਅਕਤੀ ਦੁਆਰਾ ਨਹੀਂ ਹੁੰਦੀ ਬਲਕਿ ਲੋਕਾਂ ਦਾ ਇਕੱਠ ਇਸ ਦੀ ਰਚਨਾ ਕਰਦਾ ਹੈ। ਉਦਾਹਰਣ ਦੇ ਤੌਰ ਤੇ ਕਿਸੇ ਪਿੰਡ ਜਾਂ ਕਸਬੇ ਵਿਚ ਕਿਸੇ ਇਕ ਜਾਂ ਦੋ ਚਾਰ ਲੋਕਾਂ ਦੁਆਰਾ ਬੋਲੀ ਜਾਣ ਵਾਲੀ ਭਾਸ਼ਾ ਕਦੇ ਵੀ ਉਥੋ ਦੇ ਸਭਿਅਚਾਰ ਦਾ ਹਿੱਸਾ ਨਹੀਂ ਹੁੰਦੀ ਸਗੋਂ ਆਮ ਲੋਕਾਂ ਦੁਆਰਾ ਜਾਂ ਸੰਮੂਹ ਦੁਆਰਾ ਬੋਲੀ ਜਾਣ ਵਾਲੀ ਭਾਸ਼ਾ ਹੀ ਸਭਿਆਚਾਰ ਦਾ ਹਿੱਸਾ ਹੁੰਦੀ ਹੈ।

**2.3.3.2 ਸਭਿਆਚਾਰ ਸਿੱਖਿਆ ਜਾਣ ਵਾਲਾ ਵਿਵਹਾਰ ਹੈ :** ਸਭਿਆਚਾਰ ਦੀ ਦੂਸਰੀ ਵਿਸ਼ੇਸ਼ਤਾ ਇਹ ਹੈ ਕਿ ਇਹ ਸਿੱਖਿਆ ਜਾ ਸਕਣ ਵਾਲ ਵਿਵਹਾਰ ਹੈ। ਜ਼ਿਵੇ ਕਿ ਪਹਿਲਾਂ ਵੀ ਜ਼ਿਕਰ ਕੀਤਾ ਹੈ ਕਿ ਸਭਿਆਚਾਰ ਕਿਸੇ ਵੀ ਮਨੁੱਖ ਨੂੰ ਜਨਮ ਤੋਂ ਨਹੀਂ ਮਿਲਦਾ ਸਗੋਂ ਉਹ ਸਮਾਜੀਕਰਣ ਦੀ ਪ੍ਰਕ੍ਰਿਆ ਰਾਹੀ ਸਮਾਜ ਦਾ ਹਿੱਸਾ ਬਣਦੇ ਹੋਏ ਇਸ ਨੂੰ ਸਿੱਖਦਾ

*ਹੈ। ਜੇਕਰ ਕਿਸੇ ਵਿਅਕਤੀ ਨੂੰ ਮਨੁੱਖੀ ਸਮਾਜ ਤੋਂ ਦੂਰ ਰੱਖਿਆ ਜਾਵੇ ਤਾਂ ਉਸ ਕੋਲ ਸਭਿਆਚਾਰ ਨਹੀਂ ਹੋ ਸਕਦਾ ਸਗੋਂ ਉਹ ਜਾਨਵਰਾਂ ਦੀ ਤਰ੍ਹਾਂ ਹੀ ਵਿਵਹਾਰ ਕਰੇਗਾ।*

***2.3.3.3 ਸਭਿਆਚਾਰ ਪੀੜ੍ਹੀ ਦਰ ਪੀੜ੍ਹੀ ਚਲਦਾ ਹੈ*** *: ਵਿਅਕਤੀਆਂ ਦੁਆਰਾ ਸਿੱਖਿਆ ਸਭਿਆਚਾਰ ਪੀੜ੍ਹੀ-ਦਰ-ਪੀੜ੍ਹੀ ਚਲਦਾ ਰਹਿੰਦਾ ਹੈ। ਜੋ ਵਿਅਕਤੀ ਕਿਸੇ ਵੀ ਸਭਿਆਚਾਰ ਦਾ ਹਿੱਸਾ ਹੈ ਉਹ ਆਪਣੇ ਬੱਚਿਆ ਨੂੰ ਵੀ ਇਸ ਦਾ ਅੰਗ ਬਣਾਉਂਦਾ ਹੈ, ਭਾਵ ਸਭਿਆਚਾਰ ਦਾ ਸੰਚਾਲਣ ਕਰਦਾ ਹੈ।*

***2.3.3.4 ਸਭਿਆਚਾਰ ਵੰਡਿਆ ਜਾਣ ਵਾਲਾ ਵਿਵਹਾਰ ਹੈ*** *: ਸਭਿਆਚਾਰ ਸਮੂਹਿਕ ਰੂਪ ਵਿਚ ਹੀ ਸਿਰਜਿਆ ਜਾਂਦਾ ਹੈ ਅਤੇ ਸਮੂਹਿਕ ਰੂਪ ਵਿਚ ਹੀ ਵੰਡਿਆ ਜਾਂਦਾ ਹੈ। ਇਕ ਇਕ ਸਮੂਹਿਕ ਵਿਸ਼ੇਸ਼ਤਾ ਹੈ ਨਾ ਕਿ ਵਿਅਕਤੀਗਤ। ਸਭਿਆਚਾਰ ਜਦੋਂ ਲੋਕਾਂ ਵਿਚ ਵੰਡਿਆ ਜਾਂਦਾ ਹੈ ਜਾਂ ਇਸ ਦਾ ਪ੍ਰਸਾਰ ਹੁੰਦਾ ਹੈ ਤਾਂ ਇਸ ਵਿਚ ਕਈ ਤਰ੍ਹਾਂ ਦੇ ਵਿਰੋਧੀ ਤੱਤ ਤੇ ਭਿੰਨਤਾਵਾਂ ਵੀ ਉਪਜਦੀਆਂ ਹਨ।*

***2.3.3.5 ਸਭਿਆਚਾਰ ਸੰਤੁਸ਼ਟਤਾ ਦਿੰਦਾ ਹੈ*** *: ਸਭਿਆਚਾਰ ਦੀ ਅਗਲੀ ਵਿਸ਼ੇਸ਼ਤਾ ਇਹ ਹੈ ਕਿ ਇਸ ਵਿਚ ਸੰਤੋਖਜਨਕ ਹੋਣ ਦੇ ਗੁਣ ਮੌਜੂਦ ਹਨ। ਸਭਿਆਚਾਰ ਨੂੰ ਸੰਤੋਖਜਨਕ ਜਾਂ ਆਨੰਦਦਾਇਕ ਇਸ ਪੱਖ ਤੋਂ ਮੰਨਿਆ ਜਾਂਦਾ ਹੈ ਕਿਉਂਕਿ ਇਸ ਵਿਚ ਮਨੁੱਖੀ ਸਮਾਜਿਕ ਅਤੇ ਜੀਵ ਵਿਗਿਆਨਕ ਲੋੜਾਂ ਨੂੰ ਪੂਰਾ ਕਰਨ ਦੀ ਸਮਰੱਥਾ ਹੁੰਦੀ ਹੈ। ਜੇ ਕਰ ਕਿਸੇ ਸਭਿਆਚਾਰ ਦੁਆਰਾ ਵਿਅਕਤੀ ਦੀਆਂ ਇਛਾਵਾਂ ਦੀ ਪੂਰਤੀ ਨਾ ਹੋ ਸਕਦੀ ਹੋਵੇ ਤਾਂ ਉਹ ਸਭਿਆਚਾਰ ਪ੍ਰਫੁੱਲਤ ਨਹੀਂ ਹੋ ਸਕਦਾ ਸਗੋਂ ਖ਼ਤਮ ਹੋ ਜਾਦਾ ਹੈ।*

***2.3.3.6 ਸਭਿਆਚਾਰ ਵਿਚ ਅਨੁਕੂਲਣਸ਼ੀਲਤਾ ਦਾ ਗੁਣ ਹੈ*** *: ਸਭਿਆਚਾਰ ਦੀ ਅਗਲੀ ਵਿਸ਼ੇਸ਼ਤਾ ਇਸ ਦਾ ਅਨੁਕੂਲਣਸ਼ੀਲ ਹੋਣਾ ਹੈ। ਸਭਿਆਚਾਰ ਦਾ ਇਹ ਵੀ ਗੁਣ ਹੈ ਕਿ ਇਸ ਵਿਚ ਪਰਿਵਰਤਨ ਆਉਂਦਾ ਰਹਿੰਦਾ ਹੈ ਅਤੇ ਇਹ ਬਾਹਰੀ ਹਾਲਤਾਂ ਅਨੁਸਾਰ ਚੱਲਦਾ ਰਹਿੰਦਾ ਹੈ। ਇਹ ਆਪਣੇ-ਆਪ ਨੂੰ ਅਤੇ ਵਿਅਕਤੀਆਂ ਨੂੰ ਉਨ੍ਹਾਂ ਹਾਲਤਾਂ ਦੇ ਅਨੁਕੂਲ ਬਣਾਉਦਾ ਹੈ।*

***2.3.3.7 ਇਹ ਲੋਕਾਂ ਨੂੰ ਸੰਗਠਿਤ ਕਰਦਾ ਹੈ*** *: ਸਭਿਆਚਾਰ ਦਾ ਸੰਗਠਿਤ ਹੋਣਾ ਇਸ ਦੀ ਅਗਲੀ ਵਿਸ਼ੇਸ਼ਤਾ ਹੈ। ਇਸ ਦੇ ਨਾਲ ਨਾਲ ਸਭਿਆਚਾਰ ਆਪਣੇ ਵੱਖੋ ਵੱਖ ਅੰਗਾਂ ਜਾਂ ਤੱਤਾਂ ਵਿਚ ਤਾਲਮੇਲ ਬਣਾ ਕੇ ਰੱਖਦਾ ਹੈ ਅਤੇ ਉਨ੍ਹਾਂ ਨੂੰ ਸੰਗਠਿਤ ਕਰਕੇ ਰੱਖਦਾ ਹੈ ਤਾਂ ਕਿ ਅੰਦਰੂਨੀ ਅਤੇ ਬਾਹਰੀ ਵਾਤਾਵਰਨਕ ਦਬਾਓ ਨੂੰ ਸਹਾਰਦਾ ਹੋਇਆ ਉਹ ਮਨੁੱਖੀ ਲੋੜਾਂ ਦੀ ਪੂਰਤੀ ਕਰ ਸਕੇ।*

***2.3.3.8 ਸਭਿਆਚਾਰ ਦੀ ਕਲਪਨਾਤਮਕ ਵਿਸ਼ੇਸ਼ਤਾ*** *: ਸਭਿਆਚਾਰ ਦੀ ਕਲਪਨਾਤਮਕ ਵਿਸ਼ੇਸ਼ਤਾ ਵੀ ਹੈ ਕਿਉਂਕਿ ਸਭਿਆਚਾਰ ਦਾ ਸੰਕਲਪ ਵਿਕਅਤੀ ਦੇ ਸਮੂਹਿਕ ਅਸਲੀ ਵਿਵਹਾਰ ਨੂੰ ਨਹੀਂ ਦਰਸਾਉਂਦਾ ਬਲਕਿ ਇਹ ਤਾਂ ਸਮਾਜਿਕ ਤੌਰ ਤੇ ਪ੍ਰਮਾਣਿਤ ਅਤੇ ਤੱਵਜੋਪੂਰਨ ਵਿਵਹਾਰ ਤੱਕ ਹੀ ਸੀਮਤ ਹੁੰਦਾ ਹੈ। ਸਭਿਆਚਾਰ ਸਿਰਫ਼ ਸਮਾਜ ਦੇ ਮੈਬਰਾਂ ਦੇ ਮਨਾਂ ਵਿਚ ਹੀ ਹੁੰਦਾ ਹੈ ਇਸ ਕਰਕੇ ਇਸ ਨੂੰ ਕਲਪਤਨਾਤਮਕ ਕਿਹਾ ਜਾਂਦਾ ਹੈ। ਇਸ ਤੋਂ ਇਹ ਸਾਬਿਤ ਹੁੰਦਾ ਹੈ ਕਿ ਸਭਿਆਚਾਰ ਸਾਡੇ ਜੀਉਣ ਦੇ ਢੰਗ ਨੂੰ ਨਹੀਂ ਸਗੋਂ ਸਾਡੇ ਸੋਚਣ ਦੇ ਢੰਗ ਨੂੰ ਕਹਿੰਦੇ ਹਨ। ਪਰ ਇਹ ਦੋਵੇ ਚੀਜਾਂ ਇਕ ਦੂਸਰੇ ਤੋਂ ਵੱਖਰੀਆਂ ਨਹੀਂ ਕੀਤੀਆਂ ਜਾ ਸਕਦੀਆਂ। ਵਿਚਾਰ ਅਤੇ ਵਿਵਹਾਰ ਦੋਵਾਂ ਵਿਚਕਾਰ ਤਾਲਮੇਲ ਚਾਹੀਦਾ ਹੈ, ਇਸ ਲਈ ਸਭਿਆਚਾਰ ਸਾਡੇ ਦੋਵੇ ਸੋਚਣ ਅਤੇ ਜੀਉਣ ਦੇ ਢੰਗਾਂ ਦਾ ਨਾਂ ਹੈ।*

### *2.3.4 ਸਭਿਆਚਾਰ ਦੀਆਂ ਕਿਸਮਾਂ :*

*ਸਭਿਆਚਾਰ ਦੀਆਂ ਵਿਸ਼ੇਸ਼ਤਾਈਆਂ ਦੇ ਝਾਤ ਮਾਰਨ ਤੋਂ ਬਾਅਦ ਆਓ ਇਸ ਦੀਆਂ ਕਿਸਮਾਂ ਬਾਰੇ ਵੀ ਜਾਣਕਾਰੀ ਹਾਸਿਲ ਕਰੀਏ।*

***2.3.4.1 ਲੁਪਤ ਅਤੇ ਅਲੁੱਪਤ ਸਭਿਆਚਾਰ*** *: ਵੱਖ ਵੱਖ ਵਿਗਿਆਨੀਆਂ ਨੇ ਸਭਿਆਚਾਰ ਦੀਆਂ ਵੱਖੋ-ਵੱਖਰੀਆਂ*

*ਕਿਸਮਾਂ ਦਿੱਤੀਆਂ ਹਨ। ਕਈ ਵਿਗਿਆਨੀਆਂ ਨੇ ਇਸ ਨੂੰ ਲੁਪਤ ਅਤੇ ਅਲੁੱਪਤ ਸਭਿਆਚਾਰ ਦਾ ਨਾ ਦਿੱਤਾ ਹੈ। ਇਹ ਵੰਡ ਲੋਕਾਂ ਦੀ ਜਾਗਰੂਕਤਾ ਤੇ ਨਿਰਭਰ ਕਰਦੀ ਹੈ। ਜਦੋਂ ਲੋਕ ਸਭਿਆਚਾਰ ਦੇ ਕੁਝ ਪਹਿਲੂਆਂ ਬਾਰੇ ਅਣਜਾਣ ਹੁੰਦੇ ਹਨ ਭਾਵ ਉਹ ਅਚੇਤ ਮਨ ਨਾਲ ਇਸ ਨੂੰ ਅਪਨਾਉਂਦੇ ਹਨ ਤਾਂ ਉਸ ਨੂੰ ਅਸੀ ਲੁਪਤ ਸਭਿਆਚਾਰ ਕਹਿੰਦੇ ਹਾਂ ਜਿਵੇ ਇਕ ਅਨਪੜ੍ਹ ਵਿਅਕਤੀ ਭਾਸ਼ਾ ਦੇ ਉਚਾਰਣ ਦੇ ਤਰੀਕੇ ਅਤੇ ਵਾਕ ਰਚਨਾ ਨੂੰ ਸਮਝੇ ਬਿਨਾਂ ਹੀ ਉਸ ਨੂੰ ਠੀਕ ਢੰਗ ਨਾਲ ਬੋਲ ਸਕਦਾ ਹੈ। ਉਸ ਵਿਅਕਤੀ ਲਈ ਭਾਸ਼ਾ ਦੇ ਉਚਾਰਣ ਅਤੇ ਵਾਕ ਰਚਨਾ ਪਿਛੇ ਛਿਪੇ ਨਿਯਮ ਲੁਪਤ ਸਭਿਆਚਾਰ ਹਨ ਪਰ ਜਦੋਂ ਅਸੀ ਸੁਚੇਤ ਮਨ ਨਾਲ ਸਭਿਆਚਾਰ ਦੇ ਸਾਰੇ ਅੰਗਾਂ ਬਾਰੇ ਪੂਰਾ ਪੂਰਾ ਗਿਆਨ ਰੱਖਦੇ ਹਾਂ ਅਤੇ ਉਨ੍ਹਾਂ ਦੀ ਵਰਤੋਂ ਕਰਦੇ ਹਾਂ ਤਾਂ ਉਸ ਨੂੰ ਅਲੁੱਪਤ ਸਭਿਆਚਾਰ ਕਿਹਾ ਜਾਂਦਾ ਹੈ।*

***2.3.4.2 ਜਿਉਂਦਾ ਅਤੇ ਮੁਰਦਾ ਸਭਿਆਚਾਰ*** *: ਦੂਸਰੀ ਵੰਡ ਜੋ ਵਿਗਿਆਨੀ ਕਰਦੇ ਹਨ ਉਹ ਹੈ ਜਿਉਂਦਾ ਅਤੇ ਮੁਰਦਾ ਸਭਿਆਚਾਰ ਦੀ। ਕੋਈ ਵੀ ਸਭਿਆਚਾਰ ਤਾਂ ਹੀ ਜਿਉਂਦਾ ਸਭਿਆਚਾਰ ਕਹਿਲਾਉਂਦਾ ਹੈ ਜੇਕਰ ਉਹ ਮਨੁੱਖਾਂ ਦੀ ਨਿੱਜੀ ਅਤੇ ਸਮਾਜਿਕ ਜ਼ਿੰਦਗੀ ਦਾ ਮੁੱਖ ਆਧਾਰ ਬਣਦਾ ਹੈ ਅਤੇ ਲੋਕ ਉਸ ਨੂੰ ਮਾਨਸਿਕ ਤੌਰ ਤੇ ਅਪਨਾਉਂਦੇ ਹਨ ਤਾਂ ਉਹ ਜਿਉਂਦਾ ਸਭਿਆਚਾਰ ਹੈ। ਪਰ ਜੇਕਰ ਕਿਸੇ ਚੀਜ਼ ਨੂੰ ਸਿਰਫ਼ ਜਾਣਕਾਰੀ ਦੇ ਤੌਰ ਤੇ ਹੀ ਲਿਆ ਜਾਵੇ ਤਾਂ ਇਹ ਮੁਰਦਾ ਸਭਿਆਚਾਰ ਹੋਵੇਗਾ। ਇਸ ਦਾ ਮਨੁੱਖੀ ਜ਼ਿੰਦਗੀ ਵਿਚ ਕੋਈ ਅਹਿਮ ਰੋਲ ਨਹੀਂ ਹੁੰਦਾ। ਉਦਾਹਰਣ ਦੇ ਤੌਰ ਤੇ ਜੇਕਰ ਅਸੀ ਭਾਸ਼ਾ ਸਿਰਫ਼ ਇਮਤਿਹਾਨ ਪਾਸ ਕਰਨ ਵਾਸਤੇ ਹੀ ਸਿੱਖਦੇ ਹਾਂ ਪਰ ਅਸੀ ਉਸ ਨੂੰ ਹਰ ਰੋਜ਼ ਬੋਲਦੇ ਨਹੀਂ ਜਾਂ ਬੋਲਣ ਵਿਚ ਔਖ ਹੁੰਦੀ ਹੈ ਤਾਂ ਇਹ ਮੁਰਦਾ ਸਭਿਆਚਾਰ ਦਾ ਹੀ ਹਿੱਸਾ ਹੈ।*

***2.3.4.3 ਸਭਿਆਚਾਰ, ਉਪ-ਸਭਿਆਚਾਰ ਅਤੇ ਪ੍ਰਤਿਕੂਲ ਸਭਿਆਚਾਰ*** *: ਇਹ ਵਖਰੇਵਾਂ ਖਾਸ ਤੌਰ ਤੇ ਸਨੱਅਤੀ ਅਤੇ ਉੱਨਤ ਸਮਾਜਾਂ ਵਿਚ ਪਾਇਆ ਜਾਂਦਾ ਹੈ। ਅਮਰੀਕਾ, ਇੰਗਲੈਂਡ ਅਤੇ ਜਪਾਨ ਵਰਗੇ ਦੇਸ਼ਾਂ ਦੇ ਸਮਾਜਾਂ ਵਿਚ ਸਭਿਆਚਾਰ ਦੇ ਨਾਲ ਨਾਲ ਕਈ ਉਪ ਸਭਿਆਚਾਰ ਅਤੇ ਪ੍ਰਤੀਕੂਲ ਜਾਂ ਵਿਰੋਧੀ/ਉੱਲਟ ਸਭਿਆਚਾਰ ਵੀ ਮੌਜੂਦ ਹਨ। ਇਕ ਗੁੰਝਲਦਾਰ ਸਮਾਜ ਵਿਚ ਵੱਖੋ ਵੱਖ ਧਰਮਾਂ, ਕਿੱਤੇ ਅਤੇ ਕੌਮੀ ਪਿਛੋਕੜ ਵਾਲੇ ਲੋਕ ਰਹਿੰਦੇ ਹਨ। ਇਨ੍ਹਾਂ ਵਲੋਂ ਜ਼ਿੰਦਗੀ ਦੇ ਵਿਭਿੰਨ ਰਸਤੇ ਇਖਤਿਆਰ ਕੀਤੇ ਜਾਂਦੇ ਹਨ, ਜਿਸ ਤੋਂ ਉਪ-ਸਭਿਆਚਾਰ ਦਾ ਜਨਮ ਹੁੰਦਾ ਹੈ। ਇਸ ਨੂੰ ਅਸੀ ਕੌਮੀ ਸਭਿਆਚਾਰ ਦੀ ਵੰਡ ਕਹਿ ਸਕਦੇ ਹਾਂ। ਜਦੋ ਕੋਈ ਸਭਿਆਚਾਰ ਕੌਮੀ ਸਭਿਆਚਾਰ ਤੋਂ ਵੱਖ ਹੀ ਨਹੀਂ ਬਲਕਿ ਇਸ ਦੇ ਵਿਰੋਧ ਵਿਚ ਜਾਂ ਬਿਲਕੁੱਲ ਉਲਟ ਹੁੰਦਾ ਹੈ ਤਾਂ ਉਸ ਨੂੰ ਅਸੀ ਪ੍ਰਤੀਕੂਲ ਜਾਂ ਉੱਲਟ ਸਭਿਆਚਾਰ ਦਾ ਨਾਂ ਦਿੰਦੇ ਹਾਂ। ਉਦਾਹਰਣ ਦੇ ਤੌਰ ਤੇ ਭਾਰਤੀ ਸੰਦਰਵ ਵਿਚ ਜਦੋਂ ਅਸੀ ਗੱਲ ਕਰੀਏ ਤਾਂ ਕਹਿ ਸਕਦੇ ਹਾਂ ਕਿ ਭਾਰਤੀ ਸਭਿਆਚਾਰ ਇਕ ਕੌਮੀ ਸਭਿਆਚਾਰ ਹੈ ਅਤੇ ਵੱਖੋ ਵੱਖਰੇ ਰਾਜਾਂ ਜਿਵੇਂ ਪੰਜਾਬੀ, ਬੰਗਾਲੀ ਇਹ ਉਪ-ਸਭਿਆਚਾਰ ਹਨ ਪਰ ਜਦੋਂ ਅਸੀ ਭਾਰਤੀ ਲੋਕ ਪੱਛਮੀ ਸਭਿਆਚਾਰ ਨੂੰ ਅਪਨਾਉਂਦੇ ਹਾਂ ਤਾਂ ਇਹ ਇਕ ਪ੍ਰਤੀਕੂਲ ਸਭਿਆਚਾਰ ਹੈ।*

***2.3.4.4 ਪਦਾਰਥਕ ਅਤੇ ਅਪਦਾਰਥਕ ਸਭਿਆਚਾਰ*** *: ਕਈ ਸਮਾਜ ਵਿਗਿਆਨੀ ਸਭਿਆਚਾਰ ਨੂੰ ਪਦਾਰਥਕ ਅਤੇ ਅਪਦਾਰਥਕ ਦੋ ਹਿੱਸਿਆਂ ਵਿਚ ਵੰਡਦੇ ਹਨ। ਪਦਾਰਥਕ ਸਭਿਆਚਾਰ ਭਾਗ ਠੋਸ ਵਸਤਾਂ ਜਿਵੇਂ ਘਰ, ਕਪੜੇ, ਬਰਤਨ, ਸੰਦ, ਕਿਤਾਬਾਂ ਅਤੇ ਹੋਰ ਤਰ੍ਹਾਂ ਦਾ ਸਾਜੋ ਸਮਾਨ ਹੁੰਦਾ ਹੈ। ਦੂਸਰੇ ਪਾਸੇ ਅਪਦਾਰਥਕ ਸਭਿਆਚਾਰ ਵਿਚ ਸਾਡੇ ਵਿਚਾਰ, ਗਿਆਨ, ਸਾਹਿਤ, ਭਾਸ਼ਾ, ਕਲਾ, ਕਾਨੂੰਨ ਤੇ ਧਰਮ ਆਦਿ ਆਉਂਦੇ ਹਨ। ਸਾਡਾ ਪਦਾਰਥਕ ਸਭਿਆਚਾਰ ਬਹੁਤ ਤੇਜ਼ੀ ਨਾਲ ਬਦਲਦਾ ਹੈ ਜਦੋਂ ਕਿ ਅਪਾਦਰਥਕ ਸਭਿਆਚਾਰ ਵਿਚ ਤਬਦੀਲੀ ਬਹੁਤ ਹੌਲੀ-ਹੌਲੀ ਆਉਂਦੀ ਹੈ।*

*ਆਓ ਹੁਣ ਪਦਾਰਥਕ ਅਤੇ ਅਪਦਾਰਥਕ ਸਭਿਆਚਾਰ ਨੂੰ ਵਿਸਥਾਰ-ਪੂਰਵਕ ਜਾਣੀਏ :*

***ਸ੍ਰੀ ਆਰ.ਕੇ. ਰਸਤੋਗੀ*** *ਨੇ ਪਦਾਰਥਕ ਸਭਿਆਚਾਰ ਬਾਰੇ ਲਿਖਿਆ ਹੈ ਕਿ ''ਮਨੁੱਖ ਨੇ ਕੁਦਰਤੀ ਸਾਧਨਾਂ ਦੀ ਵਰਤੋਂ ਕਰਕੇ ਜਿਨ੍ਹਾਂ ਚੀਜ਼ਾਂ ਨੂੰ ਬਣਾਇਆ ਹੈ, ਉਸਨੂੰ ਭੌਤਿਕ ਜਾਂ ਪਦਾਰਥਕ ਸਭਿਆਚਾਰ ਵਿੱਚ ਸ਼ਾਮਿਲ ਕੀਤਾ ਜਾਂਦਾ ਹੈ ਜਿਵੇ 'ਮਸ਼ੀਨਾਂ, ਔਜ਼ਾਰ, ਮਕਾਨ, ਕੱਪੜੇ, ਫ਼ਰਨੀਚਰ, ਦਵਾਈਆਂ, ਕਿਤਾਬਾਂ, ਰੇਡੀਓ, ਰੇਲਾਂ, ਹਵਾਈ ਜਹਾਜ਼, ਭੋਜਨ ਸਮੱਗਰੀ ਆਦਿ ਆਦਿ। ਇਨ੍ਹਾਂ ਪਦਾਰਥਕ ਵਸਤੂਆਂ ਦੀ ਰਚਨਾ ਮਨੁੱਖ*

*ਆਦਿ ਕਾਲ ਤੋਂ ਆਪਣੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਦੇ ਲਈ ਕਰਦਾ ਆ ਰਿਹਾ ਹੈ। ਇਸ ਲਈ ਅਸੀਂ ਕਹਿ ਸਕਦੇ ਹਾਂ ਕਿ ਪਦਾਰਥਕ ਸਭਿਆਚਾਰ ਵਿੱਚ ਉਹ ਸਾਰੀਆਂ ਵਸਤਾਂ ਆ ਜਾਂਦੀਆਂ ਹਨ, ਜਿਹੜੀਆਂ ਸਥੂਲ ਹਨ ਅਤੇ ਜਿਨ੍ਹਾਂ ਦਾ ਨਿਰਮਾਣ ਵਿਅਕਤੀ ਨੇ ਕੀਤਾ ਹੈ।*

### *2.3.4.4.1 ਪਦਾਰਥਕ ਸਭਿਆਚਾਰ ਦੀਆਂ ਵਿਸ਼ੇਸ਼ਤਾਈਆਂ :*

*ਉਪਰੋਕਤ ਚਰਚਾ ਤੋਂ ਪਦਾਰਥਕ ਸਭਿਆਚਾਰ ਦੀਆਂ ਹੇਠ ਲਿਖੀਆਂ ਵਿਸ਼ੇਸ਼ਤਾਈਆਂ ਉਭਰ ਕੇ ਸਾਹਮਣੇ ਆਉਂਦੀਆਂ ਹਨ*

(i) *ਪਦਾਰਥਕ ਸਭਿਆਚਾਰ ਮੂਰਤ ਹੁੰਦਾ ਹੈ। ਇਸ ਨੂੰ ਛੋਹਿਆ ਜਾ ਸਕਦਾ ਹੈ।*

(ii) *ਪਦਾਰਥਕ ਸਭਿਆਚਾਰ ਸੰਚਈ ਹੁੰਦਾ ਹੈ। ਇਸ ਲਈ ਇਸਦੇ ਅੰਗਾਂ ਵਿੱਚ ਲਗਾਤਾਰ ਵਾਧਾ ਹੁੰਦਾ ਜਾਂਦਾ ਹੈ ਅਤੇ ਬਹੁਤ ਤੇਜ਼ੀ ਨਾਲ ਪਰਿਵਰਤਨ ਹੁੰਦਾ ਹੈ।*

(iii) *ਪਦਾਰਥਕ ਸਭਿਆਚਾਰ ਨੂੰ ਮਾਪਿਆ ਜਾ ਸਕਦਾ ਹੈ, ਕਿਉਂਕਿ ਇਹ ਮੂਰਤ ਹੁੰਦਾ ਹੈ।*

(iv) *ਪਦਾਰਥਕ ਸਭਿਆਚਾਰ ਦੀ ਉਪਯੋਗਿਤਾ ਅਤੇ ਲਾਭ ਦਾ ਮੁਲਅੰਕਣ ਕਰਨਾ ਸੌਖਾ ਹੁੰਦਾ ਹੈ।*

(v) *ਪਦਾਰਥਕ ਸਭਿਆਚਾਰ ਨੂੰ ਬਿਨਾ ਪਰਿਵਰਤਨ ਇੱਕ ਥਾਂ ਤੋਂ ਦੂਜੀ ਥਾਂ 'ਤੇ ਗ੍ਰਹਿਣ ਕੀਤਾ ਜਾ ਸਕਦਾ ਹੈ।*

***ਅਪਦਾਰਥਕ ਸਭਿਆਚਾਰ** : ਅਪਾਰਦਥਕ ਜਾਂ ਅਭੌਤਿਕ ਸਭਿਆਚਾਰ ਵਿੱਚ ਉਹ ਸਾਰੀਆਂ ਚੀਜ਼ਾਂ ਸ਼ਾਮਿਲ ਹੁੰਦੀਆਂ ਹਨ, ਜਿਨ੍ਹਾਂ ਨੂੰ ਦੇਖਿਆ ਜਾਂ ਛੂਹਿਆ ਨਹੀਂ ਜਾ ਸਕਦਾ, ਜਿਵੇਂ ਸਾਡਾ ਧਰਮ, ਪ੍ਰਥਾਵਾਂ, ਪ੍ਰੰਪਰਾਵਾਂ, ਆਦਰਸ਼, ਭਾਸ਼ਾ, ਲੋਕ ਰੀਤਾਂ, ਸਾਹਿਤ, ਗਿਆਨ ਆਦਿ। ਇਨ੍ਹਾਂ ਸਭ ਚੀਜ਼ਾਂ ਦਾ ਵਿਕਾਸ ਮਨੁੱਖ ਦੇ ਸਮੂਹਿਕ ਰੂਪ ਵਿੱਚ ਰਹਿਣ ਤੇ ਕਾਰਜ ਕਰਨ ਨਾਲ ਹੁੰਦਾ ਹੈ। ਇਹ ਸਭ ਮਨੁੱਖੀ ਸਮਾਜ ਵਿੱਚ ਆਪਣੇ-ਆਪ ਵਿਕਸਿਤ ਹੁੰਦੀਆਂ ਹਨ।*

### *2.3.4.4.2 ਅਪਦਾਰਥਕ ਸਭਿਆਚਾਰ ਦੀਆਂ ਵਿਸ਼ੇਸ਼ਤਾਵਾਂ :*

*ਉਪਰੋਕਤ ਚਰਚਾ ਤੋਂ ਅਪਦਾਰਥਕ ਸਭਿਆਚਾਰ ਦੀਆਂ ਹੇਠ ਲਿਖੀਆਂ ਵਿਸ਼ੇਸ਼ਤਾਵਾਂ ਸਾਹਮਣੇ ਆਉਂਦੀਆਂ ਹਨ :-*

(i) *ਅਪਦਾਰਥਕ ਸਭਿਆਚਾਰ ਅਮੂਰਤ ਹੁੰਦਾ ਹੈ, ਜਿਸਨੂੰ ਛੋਹਿਆ ਅਤੇ ਦੇਖਿਆ ਨਹੀਂ ਜਾ ਸਕਦਾ। ਕੇਵਲ ਮਹਿਸੂਸ ਕੀਤਾ ਜਾ ਸਕਦਾ ਹੈ।*

(ii) *ਇਹ ਬਹੁਤ ਜਟਿਲ ਜਾਂ ਗੁੰਝਲਦਾਰ ਹੁੰਦਾ ਹੈ।*

(iii) *ਇਸਨੂੰ ਮਾਪਿਆ ਨਹੀਂ ਜਾ ਸਕਦਾ ਕਿਉਂਕਿ ਇਹ ਅਮੂਰਤ ਹੈ।*

(iv) *ਅਪਦਾਰਥਕ ਸਭਿਆਚਾਰ ਦੀ ਉਪਯੋਗਿਤਾ ਅਤੇ ਲਾਭ ਦਾ ਮੁਲਅੰਕਣ ਪਦਾਰਥਕ ਵਸਤੂਆਂ ਦੀ ਤਰ੍ਹਾਂ ਪ੍ਰਗਟਾਇਆ ਨਹੀਂ ਜਾ ਸਕਦਾ।*

(v) *ਅਪਦਾਰਥਕ ਸਭਿਆਚਾਰ ਵਿੱਚ ਪਰਿਵਰਤਨ ਬਹੁਤ ਹੌਲੀ-ਹੌਲੀ ਹੁੰਦਾ ਹੈ।*

(vi) *ਅਪਦਾਰਥਕ ਸਭਿਆਚਾਰ ਨੂੰ ਬਿਨਾ ਪਰਿਵਰਤਨ ਗ੍ਰਹਿਣ ਕਰਨਾ ਮੁਮਕਿਨ ਨਹੀਂ।*

(vii) *ਇਹ ਵਿਅਕਤੀ ਦੇ ਅਧਿਆਤਮਕ ਅਤੇ ਅੰਦਰੂਨੀ ਜੀਵਨ ਨਾਲ ਸੰਬੰਧਿਤ ਹੁੰਦਾ ਹੈ।*

*ਦੋਵਾਂ ਤਰ੍ਹਾਂ ਦੀਆਂ ਵੱਖ-ਵੱਖ ਵਿਸ਼ੇਸ਼ਤਾਈਆਂ ਹੋਣ ਦੇ ਬਾਵਜੂਦ ਇਨ੍ਹਾਂ ਵਿੱਚ ਅੰਤਰ ਨਿਰਭਰਤਾ ਹੁੰਦੀ ਹੈ। ਇਨ੍ਹਾਂ ਨੂੰ ਇੱਕ ਦੂਜੇ ਤੋਂ ਅਲੱਗ ਨਹੀਂ ਕੀਤਾ ਜਾ ਸਕਦਾ, ਬਲਕਿ ਇਨ੍ਹਾਂ ਦੀ ਵਰਤੋਂ ਇਕੱਠੇ ਹੀ ਕੀਤੀ ਜਾਂਦੀ ਹੈ।*

*ਸਭਿਆਚਾਰ ਇੱਕ ਸੰਪੂਰਨ ਵਿਵਸਥਾ ਹੁੰਦੀ ਹੈ ਅਤੇ ਇਸਦੇ ਭੌਤਿਕ ਤੇ ਅਭੌਤਿਕ ਦੋਵੇਂ ਪਹਿਲੂਆਂ ਵਿੱਚ ਅੰਤਰ-ਨਿਰਭਰਤਾ ਅਤੇ ਅੰਤਰ-ਸੰਬੰਧ ਹੁੰਦੇ ਹਨ। ਇਸ ਵਿੱਚ ਤਬਦੀਲੀ ਆਉਣ ਨਾਲ ਦੂਜੇ ਪਹਿਲੂ ਵਿੱਚ ਪਰਿਵਰਤਨ ਲਾਜ਼ਮੀ ਹੁੰਦਾ ਹੈ। ਇੱਕ ਦਾ*

ਵਿਕਾਸ ਹੋਣ ਨਾਲ ਦੂਜੇ ਦਾ ਵਿਕਾਸ ਹੁੰਦਾ ਹੈ, ਪਰੰਤੂ ਇਸਦੀ ਗਤੀ ਵਿੱਚ ਅੰਤਰ ਹੁੰਦਾ ਹੈ।

### 2.3.4.4.3 ਆਓ ਹੁਣ ਪਦਾਰਥਕ ਅਤੇ ਅਪਦਾਰਥਕ ਸਭਿਆਚਾਰ ਵਿੱਚ ਅੰਤਰ ਜਾਣੀਏ :

| | ਪਦਾਰਥਕ ਸਭਿਆਚਾਰ | ਅਪਦਾਰਥਕ ਸਭਿਆਚਾਰ |
|---|---|---|
| 1. | ਪਦਾਰਥਕ ਸਭਿਆਚਾਰ ਮੂਰਤ ਹੁੰਦਾ ਹੈ। ਇਸਨੂੰ ਛੋਹਿਆ, ਦੇਖਿਆ ਜਾ ਸਕਦਾ ਹੈ। | ਅਪਦਾਰਥਕ ਸਭਿਆਚਾਰ ਅਮੂਰਤ ਹੁੰਦਾ ਹੈ। ਇਸਨੂੰ ਇਸਨੂੰ ਛੋਹਿਆ ਜਾਂ ਦੇਖਿਆ ਨਹੀਂ ਜਾ ਸਕਦਾ, ਸਿਰਫ਼ ਮਹਿਸੂਸ ਕੀਤਾ ਜਾ ਸਕਦਾ ਹੈ। |
| 2. | ਪਦਾਰਥਕ ਸਭਿਆਚਾਰ ਬਣਾਇਆ ਜਾਂਦਾ ਹੈ। ਇਸਦਾ ਨਿਰਮਾਣ ਮਨੁੱਖ ਆਪਣੀਆਂ ਲੋੜਾਂ ਦੀ ਪੂਰਤੀ ਲਈ ਕਰਦਾ ਹੈ। | ਅਪਦਾਰਥਕ ਸਭਿਆਚਾਰ ਦਾ ਵਿਕਾਸ ਮਨੁੱਖ ਦੇ ਸਮੂਹਿਕ ਰੂਪ ਵਿੱਚ ਰਹਿਣ ਤੇ ਕਾਰਜ ਕਰਨ ਨਾਲ ਹੁੰਦਾ ਹੈ। |
| 3. | ਪਦਾਰਥਕ ਸਭਿਆਚਾਰ ਵਿੱਚ ਪਰਿਵਰਤਨ ਤੇਜ਼ੀ ਨਾਲ ਆਉਂਦਾ ਹੈ। | ਅਪਦਾਰਥਕ ਸਭਿਆਚਾਰ ਵਿੱਚ ਪਰਿਵਰਤਨ ਸਹਿਜ ਗਤੀ ਨਾਲ ਆਉਂਦਾ ਹੈ। |
| 4. | ਪਦਾਰਥਕ ਸਭਿਆਚਾਰ ਨੂੰ ਮਾਪਿਆ ਜਾ ਸਕਦਾ ਹੈ। | ਅਪਦਾਰਥਕ ਸਭਿਆਚਾਰ ਨੂੰ ਮਾਪਣਾ ਮੁਮਕਿਨ ਨਹੀਂ ਹੈ ਜਿਵੇਂ ਧਰਮ ਜਾਂ ਪਰੰਪਰਾ ਨੂੰ ਮਾਪਣਾ। |
| 5. | ਪਦਾਰਥਕ ਸਭਿਆਚਾਰ ਸਰਲ ਹੁੰਦਾ ਹੈ। | ਅਪਦਾਰਥਕ ਸਭਿਆਚਾਰ ਜਟਿਲ ਹੁੰਦਾ ਹੈ। |
| 6. | ਪਦਾਰਥਕ ਸਭਿਆਚਾਰ ਬਾਹਰੀ ਹੈ। ਇਹ ਅੰਦਰੂਨੀ ਮਨੁੱਖ ਦੇ ਬਾਹਰੀ ਜੀਵਨ ਨਾਲ ਸੰਬੰਧਿਤ ਕਦਰਾਂ-ਹੁੰਦਾ ਹੈ ਜਿਵੇਂ ਮਕਾਨ, ਕੱਪੜੇ ਆਦਿ। | ਅਪਦਾਰਥਕ ਸਭਿਆਚਾਰ ਦਾ ਸੰਬੰਧ ਮਨੁੱਖ ਦੇ ਜੀਵਨ ਨਾਲ ਹੁੰਦਾ ਹੈ ਜਿਵੇਂ ਧਰਮ, ਪਰੰਪਰਾ, ਕੀਮਤਾਂ, ਆਦਰਸ਼ ਆਦਿ। |

ਉਪਰੋਕਤ ਚਰਚਾ ਤੋਂ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਪਦਾਰਥਕ ਅਤੇ ਅਪਦਾਰਥਕ ਸਭਿਆਚਾਰ ਦੇ ਦੋ ਪੱਖ ਹਨ, ਜਿਹੜੇ ਕਿ ਆਪਸ ਵਿੱਚ ਅੰਤਰ-ਸੰਬੰਧਿਤ ਹਨ। ਇਨ੍ਹਾਂ ਨੂੰ ਇੱਕ ਦੂਸਰੇ ਤੋਂ ਵੱਖ ਨਹੀਂ ਕੀਤਾ ਜਾ ਸਕਦਾ।

### 2.3.5 ਸਭਿਆਚਾਰ ਦੇ ਮੂਲ ਤੱਤ :

ਸੰਸਕ੍ਰਿਤੀ ਦੇ ਬਹੁਤ ਸਾਰੇ ਤੱਤ ਹਨ ਜਿਹਨਾਂ ਦੇ ਸੁਮੇਲ ਨਾਲ ਕਿਸੇ ਵੀ ਸਮਾਜ ਦੀ ਸੰਸਕ੍ਰਿਤੀ ਦੀ ਸਿਰਜਣਾ ਹੁੰਦੀ ਹੈ।ਉਹਨਾਂ ਵਿਚੋਂ ਪ੍ਰਮੁੱਖ ਮੂਲ ਤੱਤ ਹੇਠ ਲਿਖੇ ਹਨ :-

**2.3.5.1 ਸੰਗਿਆਨਕ (Cognitive Elements) :-** ਕੌਮੀ ਸੰਸਕ੍ਰਿਤੀ ਵਿਚ ਸਮਾਜਿਕ ਅਤੇ ਭੌਤਿਕ ਸੰਸਾਰ ਬਾਰੇ ਬਹੁਤ ਜ਼ਿਆਦਾ ਗਿਆਨ ਜਾਂ ਜਾਣਕਾਰੀ ਮੌਜੂਦ ਹੁੰਦੀ ਹੈ। ਇਥੋਂ ਤੱਕ ਕਿ ਬਹੁਤ ਜ਼ਿਆਦਾ ਆਦਿ ਲੋਕਾਂ (ਜਿਵੇਂ ਅੰਡੇਮਾਨ ਦੀਪ ਸਮੂੰਹ ਜਾਂ ਐਸਕੀਮੋ) ਨੂੰ ਵੀ ਜਿਉਣ ਲਈ ਬਹੁਤ ਕੁਝ ਸਿੱਖਣਾ ਪੈਂਦਾ ਹੈ। ਉਹਨਾਂ ਨੂੰ ਇਸ ਅਭਿਆਸ ਤੇ ਗਿਆਨ ਦੀ ਜ਼ਰੂਰਤ ਹੁੰਦੀ ਹੈ ਕਿ ਭੋਜਨ ਕਿਵੇਂ ਪ੍ਰਾਪਤ ਕਰਨਾ ਹੈ, ਘਰ ਕਿਵੇਂ ਬਣਾਉਣਾ ਹੈ, ਯਾਤਰਾ ਕਿਵੇਂ ਕਰਨੀ ਹੈ, ਕੁਦਰਤੀ ਆਫਤਾਂ, ਮੀਂਹ, ਹਨੇਰੀਆਂ ਅਤੇ ਤੂਫਾਨਾਂ ਤੋਂ ਬਚਾਅ ਕਿਵੇਂ ਕਰਨਾ ਹੈ। ਸੰਸਕ੍ਰਿਤੀ ਬਾਰੇ ਜ਼ਿਆਦਾ ਗਿਆਨ ਸਾਨੂੰ ਮਾਨਵ-ਵਿਗਿਆਨ ਦੇ ਖੇਤਰ ਵਿਚ ਹੋਈਆਂ ਖੋਜਾਂ ਤੋਂ ਵੀ ਮਿਲਦਾ ਹੈ। ਕਿਉਂਕਿ ਮਾਨਵ-ਵਿਗਿਆਨ ਵਿਚ ਮਾਨਵ-ਵਿਗਿਆਨੀਆਂ ਦਾ ਵਾਹ ਜਦੋਂ ਅੱਖਾਂ ਚੁੰਧਿਆਉਣ ਵਾਲੀਆਂ ਅਣਜਾਣੀਆਂ ਵਸਤਾਂ ਜਾਂ ਰੀਤੀ ਰਿਵਾਜਾਂ ਨਾਲ ਪੈਂਦਾ ਹੈ ਤਾਂ ਉਹ ਉਹਨਾਂ ਲੋਕਾਂ ਦੀ ਸੰਸਕ੍ਰਿਤੀ ਬਾਰੇ ਲਿਖਦੇ ਹਨ। ਉਹ ਧਿਆਨ ਨਾਲ ਵੇਖਦੇ ਹਨ ਕਿ ਲੋਕ ਘਰ ਕਿਵੇਂ ਬਣਾਉਂਦੇ ਹਨ, ਹਥਿਆਰ

*ਕਿਵੇਂ ਬਣਾਉਂਦੇ ਹਨ, ਭੋਜਨ ਕਿਵੇਂ ਤਿਆਰ ਕਰਦੇ ਹਨ ਅਤੇ ਕਿਵੇਂ ਇਹਨਾਂ ਦਾ ਇਸਤੇਮਾਲ ਕਰਦੇ ਹਨ। ਉਹਨਾਂ ਦੀਆਂ ਸਭ ਰਸਮਾਂ ਵਿਚ ਭਾਗ ਲੈਂਦੇ ਹਨ ਅਤੇ ਉਹਨਾਂ ਦੀਆਂ ਸਾਰੀ ਕਿਸਮ ਦੀਆਂ ਗਤੀ-ਵਿਧੀਆਂ ਦੀ ਜਾਣਕਾਰੀ ਵੀ ਰਖਦੇ ਹਨ। ਸਨਅਤੀ ਤੌਰ ਤੇ ਅਗਾਂਹਵਧੂ ਸਮਾਜਾਂ ਵਿਚ ਜਿਥੇ ਇਕ ਬੰਦਾ ਵੱਡੇ ਕੰਮ ਦੇ ਇਕ ਛੋਟੇ ਜਿਹੇ ਹਿੱਸੇ ਦਾ ਹੀ ਮਾਸਟਰ (ਨਿਪੁੰਨ) ਹੁੰਦਾ ਹੈ, ਅਜਿਹੇ ਸਮਾਜ ਦੀ ਸੰਸਕ੍ਰਿਤੀ ਬਹੁਤ ਜਟਿਲ ਹੁੰਦੀ ਹੈ। ਭੌਤਿਕ ਸੰਸਾਰ ਤੋਂ ਇਲਾਵਾ ਹਰ ਸਮਾਜ ਦੀ ਸੰਸਕ੍ਰਿਤੀ ਵਿਚ ਆਪਣੀ ਸੰਸਥਾ ਬਾਰੇ ਬਹੁਤ ਸਾਰੇ ਵਿਚਾਰ, ਖਿਆਲ ਅਤੇ ਇਹ ਕਿਵੇਂ ਕੰਮ ਕਰਦੇ ਹਨ, ਲਏ ਜਾਂਦੇ ਹਨ।*

***2.3.5.2 ਵਿਸ਼ਵਾਸ* (Beliefs) :-** *ਵਿਸ਼ਵਾਸ ਨਾ ਸੱਚੇ ਹੁੰਦੇ ਹਨ ਨਾ ਝੂਠੇ। ਐਸਕੀਮੋ ਸ਼ਮਨ ਬਿਮਾਰ ਆਦਮੀ ਦੇ ਸਰੀਰ ਵਿਚੋਂ ਭੈੜੀਆਂ ਆਤਮਾਵਾਂ ਨੂੰ ਕੱਢਣ ਲਈ ਫੈਟਿਸ਼ ਦੀ ਵਰਤੋਂ ਕਰਦੇ ਹਨ। ਇਸਾਈ ਮਿਸ਼ਨਰੀ ਮਰੀਜ਼ ਲਈ ਪ੍ਰਾਰਥਨਾਵਾਂ ਵੀ ਕਰਦੇ ਹਨ ਅਤੇ ਦਵਾਈ ਵੀ ਦਿੰਦੇ ਹਨ। ਜਿਵੇਂ ਹਿੰਦੂਆਂ ਦੇ ਬੱਚੇ ਦੇ ਮੁੰਡਨ ਦੀ ਰਸਮ ਵਿਚ ਵਿਸ਼ਵਾਸ ਅਤੇ ਬਾਅਦ ਵਿਚ ਜਨੇਊ ਪਾਉਣ ਵਿਚ ਵਿਸ਼ਵਾਸ ਇਸੇ ਤਰ੍ਹਾਂ ਇਹ ਵਿਸ਼ਵਾਸ ਕਿ ਚੜ੍ਹਦੇ ਪਾਸੇ ਸੂਰਜ ਵੱਲ ਪਾਣੀ ਸੁੱਟਣ ਨਾਲ ਉਨ੍ਹਾਂ ਦੇ ਪਿੱਤਰਾਂ ਨੂੰ ਮਿਲਦਾ ਹੈ। ਕਰਮ ਸਿਧਾਂਤ ਅਨੁਸਾਰ ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਇਕ ਬੰਦਾ ਆਪਣੀ ਜ਼ਿੰਦਗੀ ਵਿਚ ਜਿਹੋ ਜਿਹਾ ਕਰਮ ਕਰੇਗਾ ਭਵਿੱਖ ਵਿਚ ਉਸ ਨੂੰ ਉਹੋ ਜਿਹਾ ਫਲ ਮਿਲੇਗਾ। ਇਸੇ ਤਰ੍ਹਾਂ ਸਿੱਖਾਂ ਦਾ ਅੰਮ੍ਰਿਤ ਛੱਕ ਕੇ ਪੂਰਨ ਸਿੱਖ ਬਣਨ ਵਿਚ ਵਿਸ਼ਵਾਸ ਹੈ। ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਜੇ ਬਹੁਤਾ ਲੰਮਾ ਸਮਾਂ ਬਾਰਸ਼ ਨਾ ਪਵੇ ਤਾਂ ਇੰਦਰ ਦੇਵਤਾ ਨੂੰ ਖੁਸ਼ ਕਰਨ ਵਾਸਤੇ ਜੱਗ ਕੀਤਾ ਜਾਂਦਾ ਹੈ। ਇਹਨਾਂ ਵਿਸ਼ਵਾਸ਼ਾਂ ਨੂੰ ਕਿਸੇ ਅਨੁਭਵ-ਸਿੱਧ ਅਧਾਰ ਤੇ ਟੈਸਟ ਨਹੀਂ ਕੀਤਾ ਜਾ ਸਕਦਾ। ਟੈਸਟ ਕੀਤਾ ਹੋਇਆ ਅਨੁਭਵ-ਸਿੱਧ ਗਿਆਨ ਅਤੇ ਟੈਸਟ ਨਾ ਹੋ ਸਕਣ ਵਾਲਾ ਵਿਸ਼ਵਾਸ਼ ਉਸੇ ਸੰਸਕ੍ਰਿਤੀ ਦਾ ਹਿਸਾ ਹਨ ਅਤੇ ਅਕਸਰ ਇਹ ਆਪਸ ਵਿਚ ਰਲਗੱਡ ਹੋ ਜਾਂਦੇ ਹਨ ਇਹਨਾਂ ਦਾ ਨਿਬੇੜਾ ਕਰਨਾ ਲਾਜ਼ਮੀ ਬਣਦਾ ਹੈ।*

***2.3.5.3 ਸੰਕੇਤ*** *: ਸੰਕੇਤ ਇਕ ਇਸ਼ਾਰਾ, ਵਸਤੂ, ਅਵਾਜ਼, ਰੰਗ ਜਾਂ ਡਿਜ਼ਾਈਨ ਹੈ ਜੋ ਆਪਣੇ ਤੋਂ ਇਲਾਵਾ ਕਿਸੇ ਹੋਰ ਚੀਜ਼ ਦੀ ਪ੍ਰਤੀਨਿਧਤਾ ਕਰਦਾ ਹੈ। ਕਈ ਸੰਸਕ੍ਰਿਤੀਆਂ ਵਿਚ ਕਾਲਾ ਰੰਗ ਸੋਗ ਦਾ ਸੰਕੇਤਕ ਹੈ, ਦੂਜੀ ਸੰਸਕ੍ਰਿਤੀ ਵਿਚ ਚਿੱਟਾ ਜਾਂ ਲਾਲ ਦੁਖ ਦਾ ਸੰਕੇਤ ਕਰਦੇ ਹਨ। ਹੋਰ ਸੰਕੇਤਾਂ ਦੀ ਤਰ੍ਹਾਂ ਇਹਨਾਂ ਰੰਗਾਂ ਦਾ ਮਤਲਬ ਵੀ ਰਸਮਾਂ ਰਿਵਾਜਾਂ ਵਿਚੋਂ ਮਿਲਦਾ ਹੈ ਨਾ ਕਿ ਇਨ੍ਹਾਂ ਦੇ ਅੰਦਰ ਛੁਪੇ ਗੁਣ ਤੋਂ। ਰੰਗ ਦਾ ਮਤਲਬ ਕਿਸੇ ਇਕ ਵਿਅਕਤੀ ਦੀ ਨਹੀਂ ਸਗੋਂ ਬਹੁਤੇ ਵਿਅਕਤੀ ਦੀ ਰਚਨਾ ਹੈ ਤਾਂ ਹੀ ਇਹ ਸੰਕੇਤ ਵਜੋਂ ਸੰਸਕ੍ਰਿਤੀ ਦਾ ਅੰਗ ਬਣਦਾ ਹੈ। ਕਿਸੇ ਭਾਰਤੀ ਲੜਕੀ ਦੇ ਲਾਲ ਚੂੜਾ ਪਾਇਆ ਹੋਣਾ ਇਸ ਗੱਲ ਦਾ ਸੰਕੇਤ ਕਰਦਾ ਹੈ ਕਿ ਉਹ ਵਿਆਹੀ ਹੋਈ ਹੈ ਜਾਂ ਲੜਕੇ ਦੇ ਲਾਲ ਮੌਲੀ ਦਾ ਬੰਨੇ ਹੋਣਾ ਭੀ ਵਿਆਹ ਜਾਂ ਮੰਗਣੀ ਦੇ ਸ਼ਗਨਾਂ ਦੀ ਨਿਸ਼ਾਨੀ ਹੈ ਕੋਈ ਨੌਜਵਾਨ ਔਰਤ ਚਿੱਟਾ ਦੁਪੱਟਾ ਲੈਂਦੀ ਹੈ ਤਾਂ ਇਹ ਇਸ ਗੱਲ ਦਾ ਸੰਕੇਤ ਕਰਦੀ ਹੈ ਕਿ ਉਹ ਰੰਡੀ ਹੋ ਗਈ ਹੈ ਭਾਵ ਉਸ ਦਾ ਪਤੀ ਮਰ ਚੁੱਕਾ ਹੈ। ਕਿਸੇ ਸਿੱਖ ਦੇ ਕੱਛਾ, ਕੜਾ, ਕਿਰਪਾਨ, ਕੇਸ ਅਤੇ ਕੰਘੇ ਦੇ ਪਹਿਨੇ ਹੋਣ ਤੋਂ ਭਾਵ ਹੈ ਕਿ ਉਹ ਅੰਮ੍ਰਿਤ-ਧਾਰੀ ਸਿੰਘ ਹੈ। ਸਾਡੇ ਭਾਰਤ ਦੇ ਤਿਰੰਗੇ ਵਿਚ ਤਿੰਨ ਰੰਗ ਹਨ ਜੋ ਕਿਸੇ ਗੱਲ ਦਾ ਸੰਕੇਤ ਕਰਦੇ ਹਨ। ਸੰਕੇਤ ਖਦਸਰ ਜਾਂ ਫਰਜ਼ੀ* (Arbitrary) *ਹੁੰਦੇ ਹਨ। ਇਹ ਬਹੁਤ ਜ਼ਿਆਦਾ ਲਚਕਦਾਰ ਹੁੰਦੇ ਹਨ। ਇਹਨਾਂ ਦਾ ਮਤਲਬ ਬਦਲ ਸਕਦੇ ਹਨ ਜਿਵੇਂ* V *ਨੂੰ ਚਰਚਿਲ ਨੇ ਦੂਜੀ ਸੰਸਾਰ ਜੰਗ ਵੇਲੇ ਜਿੱਤ* (victory) *ਵਜੋਂ ਵਰਤਿਆ ਪਰ 90ਵਿਆਂ ਵਿਚ ਜੰਗ ਵਿਰੋਧੀ ਕਾਰਕੁਨਾਂ ਨੇ ਇਸ ਨੂੰ ਸ਼ਾਂਤੀ* (Peace) *ਦੇ ਸੰਕੇਤ ਵਜੋਂ ਵਰਤਿਆ। ਲੋਕਾਂ ਨੂੰ ਇਹਨਾਂ ਸੰਕੇਤਾਂ ਦਾ ਗਿਆਨ ਕਿਸੇ ਕਿਤਾਬ ਵਿਚ ਬਹੁਤ ਨਹੀਂ ਮਿਲਦਾ ਸਗੋਂ ਉਹ ਪੀੜ੍ਹੀ-ਦਰ-ਪੀੜ੍ਹੀ ਤਜਰਬੇ ਵਿਚੋਂ ਸਿਖਦੇ ਜਾਂਦੇ ਹਨ। ਜਿਵੇਂ ਹਰ ਬੱਚਾ ਆਪਣੇ ਆਪ ਸਿੱਖ ਜਾਂਦਾ ਹੈ ਕਿ ਉਸਨੇ ਪ੍ਰਹੁਣਿਆਂ ਦਾ ਸਨਮਾਨ ਕਿਵੇਂ ਕਰਨਾ ਹੈ ਸਤਿ ਸ੍ਰੀ ਅਕਾਲ ਕਹਿਣੀ ਹੈ, ਨਮਸਤੇ ਕਰਨੀ ਹੈ ਜਾਂ ਸਲਾਮ-ਏ-ਲੇਕਮ ਕਰਨੀ ਹੈ। ਹੱਥ ਮਿਲਾਉਣਾ, ਚੁੰਮਣਾ, ਮੱਥੇ ਤਿਉੜੀ ਪਾ ਲੈਣੀ ਆਦਿ ਇਹ ਸੱਭ ਤੁਹਾਡੇ ਅੰਦਰ ਦਾ ਸੰਕੇਤ ਕਰਦਾ ਹੈ।*

***2.3.5.4 ਕੀਮਤਾਂ*** *: ਕੀਮਤਾਂ ਨੂੰ ਕਈ ਵਾਰ ਸੂਚੀ ਅਨੁਸਾਰ ਕਰਨਾ ਬਹੁਤ ਮੁਸ਼ਕਿਲ ਹੁੰਦਾ ਹੈ। ਸ਼ਾਇਦ ਵਿਸ਼ਲੇਸ਼ਣਾਤਮਿਕ ਢੰਗ ਤੋਂ ਸਿਵਾਏ ਇਹਨਾਂ ਨੂੰ ਵਿਵਹਾਰ ਜਾਂ ਮਨੋਬਿਰਤੀਆਂ ਤੋਂ ਅਲੱਗ ਨਹੀਂ ਕੀਤਾ ਜਾ ਸਕਦਾ। ਇਹ*

ਇਕ ਦੂਜੇ ਨਾਲ ਕਈ ਵਾਰ ਰਲਗੱਡ ਵੀ ਹੋ ਜਾਂਦੀਆਂ ਹਨ। ਅਮਰੀਕਾ ਦੇ ਵਿਚ ਗਊ-ਮਾਸ ਦੇ ਸੇਵਨ ਦੀ ਬਹੁਤ ਸਾਰੇ ਲੋਕਾਂ ਵਾਸਤੇ ਬਹੁਤ ਕੀਮਤ ਹੈ। ਹੋ ਸਕਦਾ ਹੈ, ਇਸ ਲਈ ਕਿ ਇਸ ਦੀ ਸੰਰਚਨਾ ਵਿਚ ਭੋਜਨ ਦੇ ਕੁਝ ਖਾਸ ਪ੍ਰੋਟੀਨ ਭਰਪੂਰ ਤੱਤ ਹੋਣ। ਪਰ ਭਾਰਤ ਵਿਚ ਲੋਕਾਂ ਲਈ ਇਸ ਦੀ ਕੋਈ ਮਹੱਤਤਾ ਨਹੀਂ। ਸਮਾਜ-ਵਿਗਿਆਨ ਵਿਚ ਸਾਡਾ ਸਬੰਧ ਉਹਨਾਂ ਕੀਮਤਾਂ ਨਾਲ ਜ਼ਿਆਦਾ ਹੁੰਦਾ ਜੋ ਕਿ ਸਿੱਧੇ ਜਾਂ ਅਸਿੱਧੇ ਤਰੀਕੇ ਨਾਲ ਸਮਾਜਿਕ ਰਿਸ਼ਤਿਆਂ ਨਾਲ ਜੁੜੀਆਂ ਹੁੰਦੀਆਂ ਹਨ।

ਖੇਡਾਂ ਵੀ ਅਸਲ ਵਿਚ ਜ਼ਿੰਦਗੀ ਦਾ ਅਭਿਆਸ ਹੁੰਦੀਆਂ ਹਨ, ਉਹ ਉਸ ਸੰਸਕ੍ਰਿਤੀ ਬਾਰੇ ਚਾਨਣਾ ਪਾਉਂਦੀਆਂ ਹਨ ਜਿਥੇ ਉਹ ਖੇਡੀਆਂ ਜਾਂਦੀਆਂ ਹਨ। ਲੋਕਾਂ ਦੀ ਰੋਜ਼ਾਨਾ ਜ਼ਿੰਦਗੀ ਦੇ ਕੰਮਾਂ, ਉਹਨਾਂ ਦੀਆਂ ਖੁਸ਼ੀਆਂ ਤੇ ਗਮੀਆਂ, ਲੋਕਾਂ ਦੀਆਂ ਪਹਿਲ ਕਦਮੀਆਂ ਨੂੰ ਮਾਪਣ ਜਾਂ ਜਾਨਣ ਦਾ ਢੰਗ ਕੀਮਤਾਂ ਹੀ ਹਨ। ਕੀਮਤਾਂ ਕਈ ਪ੍ਰਕਾਰ ਦੀਆਂ ਹੁੰਦੀਆਂ ਹਨ ਜਿਵੇਂ ਸਮਾਜਿਕ ਕੀਮਤਾਂ, ਰਾਜਨੀਤਿਕ ਕੀਮਤਾਂ, ਧਾਰਮਿਕ ਕੀਮਤਾਂ, ਆਰਥਿਕ ਕੀਮਤਾਂ ਆਦਿ। ਕਿਸੇ ਵੀ ਸਥਾਨ ਤੇ ਕਿਸੇ ਵੇਲੇ ਕੋਈ ਵੀ ਕੀਮਤਾਂ ਭਾਰੂ ਹੋ ਸਕਦੀਆਂ ਹਨ। ਜਿਵੇਂ ਬੇਲਾ (Bellah) ਨੇ ਆਪਣੀ ਸਟੱਡੀ (1957) ਵਿਚ ਦਸਿਆ ਕਿ ਜਪਾਨ ਵਿਚ ਓਰਾਚੈਮੈਂ ਦੇ ਸਮੇਂ (ਅੰਦਾਜ਼ਾ 1600 ਤੋਂ 1868) ਰਾਜਨੀਤਕ ਕੀਮਤਾਂ ਭਾਰੂ ਸਨ। ਉਸ ਸਮੇਂ ਸਰਕਾਰ ਪ੍ਰਤੀ ਵਫਾਦਾਰੀ ਅਤੇ ਪ੍ਰਬੰਧ ਜਾਂ ਸੰਗਠਨ ਆਸ਼ੇ ਦੀ ਪ੍ਰਾਪਤੀ ਤੇ ਜ਼ੋਰ ਦਿੱਤਾ ਜਾਂਦਾ ਸੀ। ਸਮਾਜ ਵਿਚ ਰੁੱਤਬੇ ਦੇ ਹਿਸਾਬ ਨਾਲ ਬਾਦਸ਼ਾਹ ਸੱਭ ਤੋਂ ਉੱਪਰ ਸੀ। ਰੁੱਤਬਾ ਸਿਰਫ ਤਾਕਤ (Power) ਤੇ ਨਿਰਭਰ ਕਰਦਾ ਸੀ। ਬਾਦਸ਼ਾਹ ਤੋਂ ਥੱਲੇ ਸ਼ੋਗੁਨ (Shogun) ਸਨ ਜੋ ਬਾਦਸ਼ਾਹ ਦੇ ਨਾਂ ਤੇ ਰਾਜ ਕਰਦੇ ਸਨ। ਉਸ ਤੋਂ ਬਾਅਦ (Daimyo) ਡੈਮਿਉ ਭਾਵ ਰਜਵਾੜੇ। ਫਿਰ ਲੜਾਕੂ ਬਹਾਦਰ ਜਿੰਨ੍ਹਾਂ ਨੂੰ ਸਾਮੁਰਾਏ (Samurai) ਕਿਹਾ ਜਾਂਦਾ, ਆਉਂਦੇ ਸਨ। ਬਾਕੀ ਸ਼੍ਰੇਣੀਆਂ ਦਾ ਰੁੱਤਬਾ ਬਹੁਤ ਨੀਵਾਂ ਸੀ। ਇਕ ਸਮਾਜ ਸ਼ਾਸਤਰੀ ਵਿਲੀਅਮ (1951) ਨੇ ਭਾਰੂ ਕੀਮਤਾਂ ਜਾਨਣ ਦਾ ਢੰਗ ਵੀ ਦੱਸਿਆ। ਉਸ ਅਨੁਸਾਰ ਭਾਰੂ ਕੀਮਤਾਂ ਉਹ ਹੁੰਦੀਆਂ ਹਨ ਜਿਨ੍ਹਾਂ ਨੂੰ ਜਨਸੰਖਿਆ ਦਾ ਸਭ ਤੋਂ ਵੱਧ ਹਿੱਸਾ ਅਪਣਾਉਂਦਾ ਹੈ, ਜੋ ਕਾਫੀ ਸਮੇਂ ਤੱਕ ਅਪਣਾਈਆਂ ਜਾਂਦੀਆਂ ਹਨ, ਜੋ ਬਹੁਤ ਗੰਭੀਰਤਾ ਅਤੇ ਤੀਬਰਤਾ ਨਾਲ ਅਪਣਾਈਆਂ ਜਾਂਦੀਆਂ ਹਨ ਅਤੇ ਕਾਇਮ ਰਖੀਆਂ ਜਾਂਦੀਆਂ ਹਨ ਅਤੇ ਆਖਰੀ ਜੋ ਲੋਕ ਕੀਮਤਾਂ ਅਪਣਾਉਂਦੇ ਹਨ ਉਨ੍ਹਾਂ ਦਾ ਸਮਾਜ ਵਿਚ ਰੁੱਤਬਾ ਵਿਸ਼ੇਸ਼ ਉੱਚਾ ਹੁੰਦਾ ਹੈ।

*2.3.5.5* ***ਭਾਸ਼ਾ*** : ਭਾਸ਼ਾ ਹੀ ਸੰਸਕ੍ਰਿਤੀ ਨੂੰ ਪੀੜ੍ਹੀ ਦਰ ਪੀੜ੍ਹੀ ਪਹੁੰਚਾਉਂਦੀ ਹੈ। ਸੰਸਕ੍ਰਿਤੀ ਦੀ ਉੱਨਤੀ, ਸੰਚਾਰ ਅਤੇ ਫੈਲਾਵ, ਭਾਸ਼ਾ ਤੋਂ ਬਿਨਾਂ ਕਦਾਚਿਤ ਵੀ ਸੰਭਵ ਨਹੀਂ। ਭਾਸ਼ਾ ਦੇ ਰਾਹੀਂ ਲੋਕ ਆਪਣੇ ਆਰਥਕ ਤਜਰਬਿਆਂ ਨੂੰ ਸਟੋਰ ਕਰਦੇ ਹਨ ਅਤੇ ਅਗਲੀ ਪੀੜ੍ਹੀ ਤੱਕ ਪਹੁੰਚਾਉਂਦੇ ਹਨ। ਅਸੀਂ ਲੋਕਾਂ ਦੇ ਤਜਰਬਿਆਂ ਅਤੇ ਉਹ ਘਟਨਾਵਾਂ ਜਿਨ੍ਹਾਂ ਵਿਚ ਅਸੀਂ ਹਾਜ਼ਰ ਨਹੀਂ ਸੀ, ਤੋਂ ਬਹੁਤ ਕੁਝ ਸਿੱਖਦੇ ਹਾਂ। ਭਾਸ਼ਾਵਾਂ ਸਾਨੂੰ ਇਸ ਯੋਗ ਬਣਾਉਂਦੀਆਂ ਹਨ ਕਿ ਅਸੀਂ ਆਪਣੇ ਭੂਤ ਨੂੰ ਸੰਭਾਲ ਸਕੀਏ, ਭਵਿੱਖ ਬਾਰੇ ਅਨੁਭਵ ਕਰ ਸਕੀਏ ਦੂਜਿਆਂ ਨਾਲ ਸੰਚਾਰ ਕਰ ਸਕੀਏ ਤੇ ਗੁੰਝਲਦਾਰ ਯੋਜਨਾਵਾਂ ਬਣਾ ਸਕੀਏ, ਅਲੱਗ ਅਲੱਗ ਕਿਸਮ ਦੇ ਤਜਰਬੇ ਸੰਭਾਲ ਕੇ ਇਕੱਠੇ ਰਖ ਸਕੀਏ ਅਤੇ ਅਮੂਰਤ ਵਿਚਾਰ ਬਣਾ ਸਕੀਏ।

***ਮੋਕ ਅਤੇ ਯੋਗ*** ਅਨੁਸਾਰ, 'ਭਾਸ਼ਾ ਆਪਣੇ ਆਪ ਵਿਚ ਨਿਰਸੰਦੇਹ ਸੰਸਕ੍ਰਿਤੀ ਦਾ ਇਕ ਹਿੱਸਾ ਹੈ।' ਭਾਸ਼ਾ ਕਿਸੇ ਵੀ ਸੰਸਕ੍ਰਿਤੀ ਦੀ ਇੰਨੀ ਮਹੱਤਵਪੂਰਨ ਵਿਸ਼ੇਸ਼ਤਾ ਹੈ ਕਿ ਸਮੂੰਹ ਵਿਚ ਭਾਸ਼ਾਈ ਫਰਕ ਹੀ ਉਨ੍ਹਾਂ ਦੀਆਂ ਸੰਸਕ੍ਰਿਤੀਆਂ ਨੂੰ ਨਿਖੇੜ ਦਿੰਦਾ ਹੈ।

## ਆਪਣਾ ਗਿਆਨ ਪਰਖੋ

(ੳ) ਸਭਿਆਚਾਰ ਤੋਂ ਕੀ ਭਾਵ ਹੈ?

---

---

---

*(ਅ) ਪਦਾਰਥਕ ਸਭਿਆਚਾਰ ਕਿਸਨੂੰ ਆਖਦੇ ਹਨ?*

*(ੲ) ਅਪਦਾਰਥਕ ਸਭਿਆਚਾਰ ਕੀ ਹੈ?*

*(ਸ) ਸਭਿਆਚਾਰ ਦੇ ਮੂਲ ਤੱਤ ਕਿਹੜੇ ਹਨ?*

### *2.3.6 ਸਭਿਆਚਾਰ ਦੇ ਕੰਮ :*

*ਸਾਡੇ ਜੀਵਨ ਵਿਚ ਸਭਿਆਚਾਰ ਦੀ ਬਹੁੱਤ ਮਹੱਤਤਾ ਹੈ। ਇਸ ਤੋਂ ਬਿਨਾਂ ਮਨੁੱਖੀ ਸਮਾਜਿਕ ਜੀਵਨ ਸੰਭਵ ਨਹੀਂ। ਸਭਿਆਚਾਰ ਸਾਨੂੰ ਬਹੁਤ ਸਾਰੇ ਢੰਗਾਂ ਨਾਲ ਪ੍ਰਭਾਵਿਤ ਕਰਦਾ ਹੈ, ਜਿਵੇਂ :*

*(1) ਸਭਿਆਚਾਰ ਆਦਮੀ ਦੀਆਂ ਜੀਵਾਤਮਿਕ ਅਤੇ ਸਮਾਜਿਕ ਇਛਾਵਾਂ ਦੀ ਪੂਰਤੀ ਕਰਦਾ ਹੈ। ਹਾਲਤਾਂ ਅਨੁਸਾਰ ਆਦਮੀ ਦੇ ਸੁਭਾਅ ਨੂੰ ਬਦਲਣ ਅਤੇ ਅਨੁਕੂਲ ਬਣਾਉਣ ਵਿਚ ਮਦਦ ਕਰਦਾ ਹੈ।*

*(2) ਸਭਿਆਚਾਰ ਲੋਕਾਂ ਨੂੰ ਇਕੱਠੇ ਰੱਖਣ ਅਤੇ ਸਮੂਹਿਕ ਜ਼ਿੰਦਗੀ ਗੁਜ਼ਾਰਨ ਲਈ ਪ੍ਰੇਰਦਾ ਹੈ।*

*(3) ਮਨੁੱਖ ਸਭਿਆਚਾਰ ਤੋਂ ਬਿਨਾਂ ਨਾ ਸਮਾਜ ਵਿਚ ਰਹਿ ਸਕਦਾ ਹੈ ਅਤੇ ਨਾ ਹੀ ਤਰੱਕੀ ਕਰ ਸਕਦਾ ਹੈ।*

*(4) ਸਭਿਆਚਾਰ ਆਦਮੀ ਤੇ ਨਿਯੰਤਰ ਵੀ ਲਗਾਉਂਦਾ ਹੈ ਕਿਉਂਕਿ ਹਰ ਮਨੁੱਖ ਨੂੰ ਕਈ ਕਾਨੂੰਨਾਂ ਜਾਂ ਨਿਯਮਾਂ ਦੀ ਪਾਲਣਾ ਕਰਨੀ ਪੈਂਦੀ ਹੈ ਅਤੇ ਸਮਾਜ ਵਿਚ ਰਹਿਣ ਲਈ ਕਈ ਤਰ੍ਹਾਂ ਦੀਆਂ ਇਛਾਵਾਂ ਨੂੰ ਦਬਾਉਣਾ ਪੈਂਦਾ ਹੈ।*

*(5) ਸਭਿਆਚਾਰ ਮਨੁੱਖੀ ਸਮਾਜੀਕਰਨ ਦਾ ਵੱਡਾ ਸਰੋਤ ਹੈ।*

*ਇਨ੍ਹਾਂ ਗੱਲਾਂ ਤੋਂ ਇਲਾਵਾ ਸਭਿਆਚਾਰ ਮਨੁੱਖੀ ਸਮਾਜਿਕ ਸੰਬੰਧਾਂ ਨੂੰ ਸਥਿਰ ਕਰਦਾ ਹੈ ਅਤੇ ਸਮੂਹ ਵਿਚ ਸੰਤੁਲਨ ਪੈਦਾ ਕਰਦੀ ਹੈ। ਇਹ ਲੋਕਾਂ ਦੇ ਨਜ਼ਰੀਏ ਨੂੰ ਵਿਸ਼ਾਲ ਕਰਦਾ ਹੈ ਅਤੇ ਵਿਅਕਤੀ ਨੂੰ ਮਹਿਸੂਸ ਕਰਉਂਦਾ ਹੈ ਕਿ ਉਹ ਇਕ ਸਮੁੱਚੀ ਸਮਾਜਿਕ ਵਿਵਸਥਾ ਦਾ ਅੰਗ ਹੈ ਅਤੇ ਉਸ ਦੇ ਸਹਿਯੋਗ ਨਾਲ ਹੀ ਉਸ ਨੇ ਆਪਣੇ ਉਦੇਸ਼ਾਂ ਨੂੰ ਪ੍ਰਾਪਤ ਕਰਨਾ ਹੈ। ਸਭਿਆਚਾਰ ਹਾਲਤਾਂ ਅਨੁਸਾਰ ਨਵੀਆਂ ਲੋੜਾਂ ਪੈਦਾ ਕਰਦਾ ਹੈ। ਸਭਿਆਚਾਰ ਸਾਡੀਆਂ ਪਰੰਪਰਾਗਤ ਪਰਿਸਥਿਤੀਆਂ ਦੀ ਵਿਆਖਿਆ ਪੇਸ਼ ਕਰਦਾ ਹੈ।*

## 2.3.7 ਸਭਿਆਚਾਰ ਨਾਲ ਸਬੰਧਤ ਹੋਰ ਸੰਕਲਪ

**2.3.7.1 ਸਭਿਆਚਾਰਕ ਲੱਛਣ (Cultural Traits) :-** ***ਗਿਲਿਨ ਅਤੇ ਗਿਲਿਨ*** *ਅਨੁਸਾਰ ਸੰਸਕ੍ਰਿਤਿਕ ਲੱਛਣ, ਉਹ ਇਕਾਈ ਹੈ ਜੋ ਕਾਰਜਾਤਮਕ ਪੱਖ ਤੋਂ ਵੀ ਹੋਰ ਖੰਡਾਂ ਵਿਚ ਨਹੀਂ ਵੰਡੀ ਜਾ ਸਕਦੀ। ਇਸ ਦਾ ਭਾਵ ਹੋਇਆ ਕਿ ਸੰਸਕ੍ਰਿਤਿਕ ਲੱਛਣ ਸੰਸਕ੍ਰਿਤਿਕ ਵਿਵਸਥਾ ਦੀ ਸਭ ਤੋਂ ਛੋਟੀ ਇਕਾਈ ਹੈ ਅਤੇ ਇਸ ਨੂੰ ਹੋਰ ਛੋਟੇ ਭਾਗਾਂ ਵਿਚ ਵੰਡਿਆ ਨਹੀਂ ਜਾ ਸਕਦਾ। ਯੁਬੇਕ ਸੰਸਕ੍ਰਿਤਕ ਲੱਛਣ ਦੀ ਪ੍ਰੀਭਾਸ਼ਾ ਦਿੰਦਾ ਹੋਇਆ ਕਹਿੰਦਾ ਹੈ ਕਿ ਇਹ ਉਹ ਅਰਜਿਤ ਸਰਲਤਮ ਪਦਾਰਥ ਜਾਂ ਕ੍ਰਿਆਤਮਕ ਪ੍ਰਤਿਮਾਨ ਹੈ ਜਿਸ ਨੂੰ ਅਸੀਂ ਜਾਣਦੇ ਹਾਂ ਅਤੇ ਇਹ ਉਹ ਇੱਟਾਂ ਹਨ ਜਿਨ੍ਹਾਂ ਉੱਤੇ ਸਮਾਜ ਦੀ ਸੰਪੂਰਣ ਸੰਸਕ੍ਰਿਤੀ ਦਾ ਨਿਰਮਾਣ ਹੁੰਦਾ ਹੈ। ਭਾਵ ਕਿ ਕਿਸੇ ਇਕ ਸੰਸਕ੍ਰਿਤਕ ਲੱਛਣ ਦਾ ਆਪਣੇ ਆਪ ਵਿਚ ਕੋਈ ਵੀ ਮਹੱਤਵ ਨਹੀਂ ਜਿਵੇਂ ਇਕ ਇੱਟ ਨਾਲ ਬਿਲਡਿੰਗ ਤਿਆਰ ਨਹੀਂ ਹੁੰਦੀ ਸਗੋਂ ਸਾਰੀਆਂ ਇੱਟਾਂ ਇਕੱਠੀਆਂ ਕਰਕੇ ਤੇ ਹੋਰ ਜ਼ਰੂਰੀ ਸਮਾਨ ਵਸਤਾਂ ਨਾਲ ਮਕਾਨ ਤਿਆਰ ਕੀਤਾ ਜਾਂਦਾ ਹੈ। ਸੰਸਕ੍ਰਿਤਿਕ ਲੱਛਣ ਨੂੰ ਸਿਰਫ ਸੰਸਕ੍ਰਿਤਕ ਸੰਸਲੇਸ਼ ਦੇ ਸੰਦਰਭ ਵਿਚ ਰਖ ਕੇ ਹੀ ਜਾਣਿਆ ਜਾ ਸਕਦਾ ਹੈ ਜਿਸ ਦਾ ਉਹ ਅੰਗ ਹੈ।*

***ਐਮ.ਜੇ. ਹਰਸ਼ਕੋਵਿਟਸ*** *ਅਨੁਸਾਰ, ਸੰਸਕ੍ਰਿਤਿਕ ਲੱਛਣ ਇਕ ਦਿਤੀ ਹੋਈ ਸੰਸਕ੍ਰਿਤੀ ਵਿਚ ਇਕ ਸਭ ਤੋਂ ਛੋਟੀ ਪਛਾਣਨਯੋਗ ਇਕਾਈ ਹੈ।*

*ਸੰਸਕ੍ਰਿਤਿਕ ਲੱਛਣ ਪਦਾਰਥਕ ਅਤੇ ਅਪਦਾਰਥਕ ਦੋਹਾਂ ਵਿਚੋਂ ਕਿਸੇ ਕਿਸਮ ਦਾ ਹੋ ਸਕਦਾ ਹੈ। ਇਹ ਸੰਸਕ੍ਰਿਤਿਕ ਲੱਛਣ ਮਿਲਕੇ ਸੰਸਕ੍ਰਿਤਿਕ ਸਮੂਹ ਬਣਾਉਂਦੇ ਹਨ ਅਤੇ ਸੰਸਕ੍ਰਿਤ ਸਮੂਹ ਮਿਲ ਕੇ ਸੰਪੂਰਣ ਸੰਸਕ੍ਰਿਤੀ ਦਾ ਨਿਰਮਾਣ ਕਰਦੇ ਹਨ।*

**2.3.7.2 ਸਭਿਆਚਾਰਕ ਸੰਸਲੇਸ਼ (Cultural Complex) :** *ਸੰਸਕ੍ਰਿਤਿਕ ਸੰਸਲੇਸ਼ ਵਿਚ ਕਈ ਸੰਸਕ੍ਰਿਤਿਕ ਲੱਛਣ ਹੁੰਦੇ ਹਨ ਅਤੇ ਇਹ ਸੰਸਕ੍ਰਿਤਿਕ ਲੱਛਣ, ਸੰਸਕ੍ਰਿਤਿਕ ਸੰਸਲੇਸ਼ ਵਿਚ ਆਪਸ ਵਿਚ ਵਧਦੇ ਫੁਲਦੇ ਰਹਿੰਦੇ ਹਨ ਅਤੇ ਇਹ ਲੱਛਣ ਇਕੱਠੇ ਹੋ ਕੇ ਸੰਸਕ੍ਰਿਤੀ ਬਣਦੇ ਹਨ ਅਤੇ ਮਨੁੱਖਤਾ ਲਈ ਉਪਯੋਗੀ ਬਣਦੇ ਹਨ। ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਸਾਰੇ ਸੰਸਕ੍ਰਿਤਿਕ ਲੱਛਣਾਂ ਨੂੰ ਅਸੀਂ ਇਕੱਠੇ ਰੂਪ ਵਿਚ ਲੈਂਦੇ ਹਾਂ ਤਾਂ ਹੀ ਇਸ ਨੂੰ ਸੰਸਕ੍ਰਿਤਿਕ ਸੰਸਲੇਸ਼ ਕਹਿੰਦੇ ਹਨ। ਉਦਾਹਰਣ ਦੇ ਤੌਰ ਤੇ ਅਸੀਂ ਇਸ ਸੰਸਲੇਸ਼ ਵਿਚ, ਖਾਣ ਪੀਣ ਦੀਆਂ ਆਦਤਾਂ ਅਤੇ ਅਲੱਗ ਅਲੱਗ ਕੰਮ-ਧੰਦੇ ਆਦਿ ਲੈ ਸਕਦੇ ਹਾਂ।* ***ਈ.ਏ. ਹੋਇਬਲ*** *ਅਨੁਸਾਰ, ਸੰਸਕ੍ਰਿਤਕ ਸੰਸਲੇਸ਼ ਹੋਰ ਕੁਝ ਵੀ ਨਹੀਂ ਕੇਵਲ ਤੱਤਾਂ ਦੇ ਵੱਡੇ ਸਮੂਹ ਹਨ ਜੋ ਕਿਸੇ ਕੇਂਦਰੀ ਸੰਦਰਭ ਬਿੰਦੂ ਦੇ ਚਾਰੇ ਪਾਸੇ ਸੰਗਠਿਤ ਹੋ ਜਾਂਦੇ ਹਨ। ਭਾਵੇਂ ਕੇਂਦਰੀ ਬਿੰਦੂ ਇਕ ਹੀ ਹੁੰਦਾ ਹੈ। ਉਸ ਨਾਲ ਸੰਬੰਧਿਤ ਹੋਰ ਤੱਤ ਉਸ ਦੇ ਚਾਰੇ ਪਾਸੇ ਸੰਗਠਿਤ ਹੋ ਜਾਂਦੇ ਹਨ। ਉਦਾਹਰਣ ਦੇ ਤੌਰ ਤੇ ਜੇ ਸਨਅਤ ਨੂੰ ਅਸੀਂ ਮੁੱਖ ਕੇਂਦਰੀ ਬਿੰਦੂ ਮੰਨ ਲਈਏ ਤਾਂ ਇਸ ਨਾਲ ਸਬੰਧਿਤ ਸਭ ਪਦਾਰਥਕ ਤੱਤ ਜਿਵੇਂ ਮਜ਼ਦੂਰ, ਮਸ਼ੀਨਰੀ, ਉਰਜਾ, ਕੱਚਾ ਮਾਲ, ਸਰਮਾਇਦਾਰ ਆਦਿ ਅਤੇ ਅਭੌਤਿਕ ਵਸਤਾਂ ਜਿਵੇਂ ਉਤਪਾਦਨ ਕਰਨ ਦੀਆਂ ਵਿਧੀਆਂ ਉਤਪਾਦਨ ਬਾਰੇ ਗਿਆਨ ਆਦਿ ਮਿਲਕੇ ਸੰਸਕ੍ਰਿਤਕ ਸੰਸਲੇਸ਼ ਬਣਾਉਂਦੇ ਹਨ। ਇਹ ਸੰਸਲੇਸ਼ ਜ਼ਿੰਦਗੀ ਦੀਆਂ ਭਿੰਨ ਭਿੰਨ ਲੋੜਾਂ ਅਨੁਸਾਰ ਬਣਦੇ ਹਨ। ਇਹ ਜਾਤੀ ਪ੍ਰਬੰਧ ਵਿਚ ਵੀ ਹੋ ਸਕਦੇ ਹਨ, ਸੰਯੁਕਤ ਪ੍ਰੀਵਾਰ ਪ੍ਰਣਾਲੀ ਵਿਚ ਵੀ ਹੋ ਸਕਦੇ ਹਨ। ਇਹਨਾਂ ਦੇ ਵਿਕਸਿਤ ਹੋਣ ਦੀ ਜਾਂ ਉੱਨਤੀ ਦੀ ਚਾਲ ਇਕੋ ਜਿਹੀ ਨਹੀਂ ਹੁੰਦੀ। ਕਈ ਵਾਰ ਇਹਨਾਂ ਦਾ ਇਤਿਹਾਸ ਬਹੁਤ ਲੰਮਾ ਹੁੰਦਾ ਹੈ।*

**2.3.7.3 ਸਭਿਆਚਾਰਕ ਪ੍ਰਤੀਮਾਨ (Cultural Patterns) :** *ਸਭਿਆਚਾਰਕ ਪ੍ਰਤਿਮਾਨ ਦਾ ਸੰਕਲਪ* **ਸਪੀਰ (Sapir),** ***ਰੂਥ ਬੇਨੀਡਿਕਟ ਕਰੋਬਰ*** *ਅਤੇ* ***ਕਲੌਕਹਨ*** *ਦੁਆਰਾ ਵਧਿਆ-ਫੁਲਿਆ। ਸੰਸਕ੍ਰਿਤਿਕ ਪ੍ਰਤਿਮਾਨ ਦੀ ਪ੍ਰੀਭਾਸ਼ਾ ਦਿੰਦੇ ਹੋਏ* ***ਰੂਥ ਬੇਨੀਡਿਕਟ*** *ਲਿਖਦਾ ਹੈ ਕਿ ਸੰਸਕ੍ਰਿਤੀ ਦੇ ਵਿਭਿੰਨ ਭਾਗਾਂ ਦੇ ਵਿਚਕਾਰ ਅੰਤਰ-ਸਬੰਧ ਜਿਸ ਵਿਵਸਥਾ ਨੂੰ ਜਨਮ ਦਿੰਦੇ ਹਨ, ਉਸ ਨੂੰ ਹੀ ਸੰਸਕ੍ਰਿਤਿਕ ਪ੍ਰਤਿਮਾਨ ਕਹਿ ਸਕਦੇ ਹਾਂ। ਇਸ ਤਰ੍ਹਾਂ* ***ਬੋਗਾਰਡਸ*** *ਅਨੁਸਾਰ, ਸੰਸਕ੍ਰਿਤਿਕ ਪ੍ਰਤਿਮਾਨ ਅਜਿਹੀ ਗੱਲ ਤੇ ਵਿਸ਼ਵਾਸ ਕਰਨ ਜਾਂ ਕਾਰਜ ਕਰਨ ਦੀ ਵਿਧੀ ਦਾ ਬਾਹਰ-ਮੁੱਖੀ ਪ੍ਰਗਟਾ ਹੈ ਜਿਸ*

ਨੂੰ ਲੋਕ ਸਾਧਾਰਣ ਤੌਰ ਤੇ ਸਵੀਕਾਰ ਕਰਦੇ ਹਨ।

ਜੇ ਅਸੀਂ ਛੋਟੇ ਰੂਪ ਵਿਚ ਕਹਿਣਾ ਹੋਵੇ ਇਉਂ ਕਹਾਂਗੇ ਕਿ ਜਦੋਂ ਸੰਸਕ੍ਰਿਤਿਕ ਲੱਛਣ ਅਤੇ ਸੰਸਲੇਸ਼ ਮਿਲਕੇ ਕਾਰਜਾਤਮਕ ਕਾਰਜ-ਭਾਗਾਂ ਵਿਚ ਪ੍ਰਸਪਰ ਸਬੰਧਿਤ ਹੋ ਜਾਂਦੇ ਹਨ ਤਾਂ ਉਹਨਾਂ ਤੋਂ ਸੰਸਕ੍ਰਿਤਿਕ ਪ੍ਰਤਿਮਾਨਾਂ ਦਾ ਜਨਮ ਹੁੰਦਾ ਹੈ।

ਸੰਸਕ੍ਰਿਤਿਕ-ਪ੍ਰਤਿਮਾਨ ਅਲੱਗ ਅਲੱਗ ਭਾਗਾਂ ਤੋਂ ਮਿਲਕੇ ਬਣਦਾ ਹੈ, ਇਹਨਾਂ ਅਲੱਗ ਅਲੱਗ ਅੰਗਾਂ ਦੀ ਇਕ ਖਾਸ ਵਿਵਸਥਾ ਜਾਂ ਅੰਤਰ-ਸੰਬੰਧਾਂ ਦਾ ਇਹ ਸਿੱਟਾ ਹੁੰਦਾ ਹੈ ਜਿਸ ਦੇ ਨਤੀਜੇ ਵਜੋਂ ਇਕ ਨਵੀਂ ਚੀਜ਼ ਹੋਂਦ ਵਿਚ ਆਉਂਦੀ ਹੈ ਜਿਸ ਨੂੰ ਸੰਸਕ੍ਰਿਤਿਕ ਪ੍ਰਤਿਮਾਨ ਕਿਹਾ ਜਾਂਦਾ ਹੈ ਜਿਵੇਂ ਇਕ ਸੂਤ ਦੇ ਢੇਰ ਨਾਲ ਇਕ ਚਾਦਰ ਜਾਂ ਖੇਸ ਨਹੀਂ ਬਣਦਾ ਸਗੋਂ ਮੌਜੂਦ ਸੂਤਰ ਦੀ ਇਕ ਵਿਸ਼ੇਸ਼ ਵਿਵਸਥਾ ਅਤੇ ਅੰਤਰ-ਸੰਬੰਧਾਂ ਤੋਂ ਨਵੀਂ ਚੀਜ਼ ਬਣਦੀ ਹੈ ਜਿਸ ਨੂੰ ਸੂਤਰ ਨਹੀਂ ਕਿਹਾ ਜਾ ਸਕਦਾ ਸਗੋਂ ਖੇਸ ਜਾਂ ਚਾਦਰ ਕਿਹਾ ਜਾਂਦਾ ਹੈ। ਇਹ ਗੱਲ ਵੀ ਕਰਨ ਦੀ ਲੋੜ ਹੈ ਕਿ ਸੰਸਕ੍ਰਿਤਿਕ-ਪ੍ਰਤਿਮਾਨ ਦਾ ਸਰੂਪ ਹਰ ਸਮਾਜ ਵਿਚ ਅਲੱਗ ਅਲੱਗ ਹੁੰਦਾ ਹੈ ਕਿਉਂਕਿ ਸੰਸਕ੍ਰਿਤਿਕ ਤੱਤਾਂ ਦੇ ਇਕੋ ਜਿਹਾ ਹੋਣ ਦੇ ਬਾਵਜੂਦ ਉਹਨਾਂ ਦੇ ਸੰਗਠਿਤ ਹੋਣ ਦਾ ਤਰੀਕਾ ਅਲੱਗ-ਅਲੱਗ ਹੁੰਦਾ ਹੈ ਜਿਵੇਂ ਮਕਾਨਾਂ ਦਾ ਡਿਜ਼ਾਇਨ ਜੋ ਭਾਰਤ ਵਿਚ ਹੁੰਦਾ ਹੈ ਉਹ ਕੁਵੈਤ ਵਿਚ ਜਾਂ ਕਿਸੇ ਹੋਰ ਦੇਸ਼ ਵਿਚ ਨਹੀਂ। ਇਥੋਂ ਤੱਕ ਕਿ ਦੋ ਮਿਸਤਰੀਆਂ ਦੇ ਬਣੇ ਮਕਾਨ ਵੀ ਇਕੋ ਜਿਹੇ ਨਹੀਂ ਹੋਣਗੇ।

ਸੰਸਕ੍ਰਿਤਿਕ ਪ੍ਰਤਿਮਾਨ ਆਦਮੀ ਨੂੰ ਖਾਸ ਪ੍ਰਕਾਰ ਦੀ ਕਾਰਜ-ਪ੍ਰਣਾਲੀ ਦਿੰਦੇ ਹਨ ਜਿਸ ਦੇ ਸਿੱਟੇ ਵਜੋਂ ਉਨ੍ਹਾਂ ਦੇ ਵਿਵਹਾਰ ਵਿਚ ਸਮਰੂਪਤਾ ਉਤਪੰਨ ਹੁੰਦੀ ਹੈ ਅਤੇ ਇਹ ਸਮਰੂਪਤਾ ਸਮਾਜਿਕ ਵਿਵਸਥਾ ਅਤੇ ਸੰਗਠਨ ਨੂੰ ਦ੍ਰਿੜ੍ਹਤਾ ਪ੍ਰਦਾਨ ਕਰਦੀ ਹੈ।

*2.3.7.4* **ਸਭਿਆਚਾਰਕ ਪਸਰਾਓ (Cultural Diffusion) :-** ਸਮਾਜਿਕ ਤਰੱਕੀ ਦਾ ਸੰਸਕ੍ਰਿਤਕ ਪਸਰਾਓ ਇਕ ਬਹੁਤ ਹੀ ਮਹੱਤਵਪੂਰਨ ਕਾਰਨ ਹੁੰਦਾ ਹੈ। ਅਲੱਗ-ਅਲੱਗ ਸੰਸਕ੍ਰਿਤੀਆਂ ਦੀ ਤਰੱਕੀ ਹੀ ਉਨ੍ਹਾਂ ਦੀ ਆਪਸ ਵਿਚ ਸੰਪਰਕ ਵਿਚ ਆਉਣ ਨਾਲ ਭਾਵ ਅਦਾਨ-ਪ੍ਰਣਾਲੀ ਨਾਲ ਹੋਈ। ਪੱਛਮੀ ਸੰਸਕ੍ਰਿਤੀ ਅੱਜ ਭਾਰਤੀ ਸੰਸਕ੍ਰਿਤੀ ਨੂੰ ਕਿਵੇਂ ਪ੍ਰਭਾਵਿਤ ਕਰ ਰਹੀ ਹੈ। ਮਿਸਰੀ ਸਭਿਅਤਾ ਨੇ ਗਰੀਕ ਦੀ ਸੰਸਕ੍ਰਿਤੀ ਨੂੰ ਬਹੁਤ ਪ੍ਰਭਾਵਤ ਕੀਤਾ ਅਤੇ ਰੋਮ, ਗਰੀਕ ਦੀ ਸੰਸਕ੍ਰਿਤੀ ਤੋਂ ਪ੍ਰਭਾਵਤ ਹੋਇਆ। **ਔਗਬਰਨ** ਅਤੇ ਨਿਮਕਾਫ ਅਨੁਸਾਰ ਸੰਸਕ੍ਰਿਤਕ ਅੰਗਾਂ ਦੀ ਇਕ ਖੇਤਰ ਤੋਂ ਦੂਜੇ ਖੇਤਰ ਜਾਂ ਸੰਸਕ੍ਰਿਤੀ ਦੇ ਇਕ ਹਿੱਸੇ ਤੋਂ ਦੂਜੇ ਹਿੱਸੇ ਤੱਕ ਜੋ ਬਦਲੀ ਹੁੰਦੀ ਹੈ ਉਸ ਨੂੰ ਸੰਸਕ੍ਰਿਤਕ ਪਸਰਾਓ ਕਿਹਾ ਜਾਂਦਾ ਹੈ ਜਿਵੇਂ ਬੁੱਧ-ਵਿਚਾਰ ਭਾਰਤ ਤੋਂ ਚੀਨ, ਜਪਾਨ ਅਤੇ ਬਰਮਾ ਆਦਿ ਪਹੁੰਚ ਗਏ, ਇਹ ਕਲਚਰਲ ਪਸਰਾਓ ਹੈ। ਸੰਸਕ੍ਰਿਤਿਕ ਪਸਰਾਓ ਲਈ ਕੁਝ ਤੱਤ ਜ਼ਿੰਮੇਵਾਰ ਹਨ ਜਿਵੇਂ ਕਿ ਰਿਸ਼ਤੇ ਨਾਤੇ, ਸਬੰਧ, ਸੰਚਾਰ ਸਾਧਨ ਨਵੇਂ ਸੰਸਕ੍ਰਿਤਿਕ ਲੱਛਣਾਂ ਦੀ ਲੋੜ ਅਤੇ ਇੱਛਾ, ਪੁਰਾਣੇ ਸੰਸਕ੍ਰਿਤਿਕ ਲੱਛਣਾਂ ਨਾਲ ਸੰਘਰਸ਼ ਆਦਿ।

### 2.3.8 ਸਾਰ :

ਉਪਰੋਕਤ ਚਰਚਾ ਤੋਂ ਅਸੀ ਇਸ ਨਤੀਜੇ ਤੇ ਪਹੁੰਚਦੇ ਹਾਂ ਕਿ ਸਾਡੇ ਜਿਉਣ ਦੇ ਢੰਗ ਨੂੰ ਸਭਿਆਚਾਰ ਕਿਹਾ ਜਾਂਦਾ ਹੈ ਜਿਸ ਵਿਚ ਸਾਡੇ ਵਿਸ਼ਵਾਸ, ਰੀਤੀ ਰਿਵਾਜ਼, ਕਦਰਾਂ-ਕੀਮਤਾਂ, ਨੈਤਿਕ ਨਿਯਮ, ਗਿਆਨ, ਭਾਸ਼ਾ, ਧਰਮ, ਕਾਨੂੰਨ ਆਦਿ ਸ਼ਾਮਿਲ ਹੁੰਦੇ ਹਨ। ਸਭਿਆਚਾਰ ਹੀ ਇਕ ਅਜਿਹੀ ਚੀਜ਼ ਹੈ ਜੋ ਮਨੁੱਖ ਨੂੰ ਜਾਨਵਰਾਂ ਨਾਲੋਂ ਅਲੱਗ ਕਰਦੀ ਹੈ। ਜੇਕਰ ਸਾਡੇ ਕੋਲ ਸਭਿਆਚਾਰ ਨਾ ਹੋਵੇ ਤਾਂ ਅਸੀ ਵੀ ਜਾਨਵਰ ਹੀ ਹਾਂ। ਸਭਿਆਚਾਰ ਦਾ ਜਨਮ ਆਦਿ ਮਨੁੱਖ ਦੇ ਨਾਲ ਹੀ ਹੋਇਆ ਅਤੇ ਪੀੜ੍ਹੀ ਦਰ ਪੀੜ੍ਹੀ ਚਲਦਾ ਆ ਰਿਹਾ ਹੈ। ਸਮੇਂ-ਸਮੇਂ ਸਿਰ ਇਸ ਵਿਚ ਬਦਲਾਓ ਹੁੰਦੇ ਰਹਿੰਦੇ ਹਨ। ਇਸ ਨੂੰ ਕਿਸੇ ਇਕ ਵਿਅਕਤੀ ਨੇ ਨਹੀਂ ਬਣਾਇਆ ਬਲਕਿ ਇਹ ਸਮੂਹਿਕ ਉਪਜ ਹੈ, ਸਮਾਜ ਦੁਆਰਾ ਅਪਨਾਉਣ ਨਾਲ ਹੋਂਦ ਵਿਚ ਆਉਂਦਾ ਹੈ। ਇਹ ਸਿੱਖਿਆ ਜਾਣ ਵਾਲਾ ਵਿਵਹਾਰ ਹੈ ਜਿਸ ਨੂੰ ਵਿਅਕਤੀ ਜਨਮ ਤੋਂ ਬਾਅਦ ਆਲੇ-ਦੁਆਲੇ ਤੋਂ ਅਤੇ ਸਮਾਜ ਵਿਚ ਵਿਚਰਦੇ ਹੋਏ ਸਿੱਖਦਾ ਹੈ। ਇਹ ਵਿਅਕਤੀਆਂ ਨੂੰ ਸੰਗਠਿਤ ਕਰਦਾ ਹੈ। ਜੀਵਨ ਲਈ ਸੇਧ ਦਿੰਦਾ

ਹੈ। ਇਹ ਵਿਅਕਤੀ ਦੀਆਂ ਜੀਵਾਤਮਿਕ ਸੀਮਾਵਾਂ ਦੀ ਪੂਰਤੀ ਕਰਦਾ ਹੈ। ਸਭਿਆਚਾਰ ਵਿਅਕਤੀਆਂ ਤੇ ਨਿਯੰਤਰਣ ਲਗਾਉਂਦਾ ਹੈ ਤਾਂ ਕਿ ਉਨ੍ਹਾਂ ਨੂੰ ਮਿੱਥੇ ਸਮਾਜਿਕ ਵਿਵਹਾਰ ਲਈ ਪ੍ਰੇਰਿਆ ਜਾ ਸਕੇ। ਇਹ ਵਿਅਕਤੀਆਂ ਦੇ ਸਮਾਜੀਕਰਨ ਵਿਚ ਬਹੁਤ ਵੱਡਾ ਰੋਲ ਅਦਾ ਕਰਦਾ ਹੈ। ਸਮਾਜਿਕ ਵਿਵਸਥਾ ਨੂੰ ਬਣਾਏ ਰੱਖਣ ਲਈ ਸਭਿਆਚਾਰ ਵਿਅਕਤੀਆਂ ਨੂੰ ਉਸ ਸਮਾਜਿਕ ਵਿਵਸਥਾ ਦੇ ਅਨੁਕੂਲ ਵਿਵਹਾਰ ਕਰਨ ਲਈ ਪ੍ਰੇਰਦਾ ਹੈ।

### 2.3.9 ਮੁੱਖ ਸ਼ਬਦ

(ੳ) **ਤਕਨੀਕ** : ਮਨੁੱਖ ਦੀਆਂ ਮੁੱਢਲੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਵਰਤੇ ਜਾਂਦੇ ਸੰਦ, ਔਜ਼ਾਰ ਅਤੇ ਚੀਜ਼ਾਂ, ਵਸਤਾਂ।

(ਅ) **ਆਰਥਿਕ ਸੰਗਠਨ** : ਚੀਜ਼ਾਂ ਵਸਤਾਂ ਅਤੇ ਸੇਵਾਵਾਂ ਦੀ ਪੈਦਾਵਾਰ ਅਤੇ ਵੰਡ ਨੂੰ ਸੰਗਠਿਤ ਕਰਨ ਲਈ ਜੋ ਤਕਨੀਕ ਲੋਕਾਂ ਦੁਆਰਾ ਅਪਣਾਈ ਜਾਂਦੀ ਹੈ।

(ੲ) **ਸਮਾਜਿਕ ਸੰਗਠਨ** : ਇਸ ਵਿਚ ਸਮਾਜਿਕ ਰਿਸ਼ਤੇ ਅਤੇ ਲੋਕਾਂ ਦੇ ਅੰਤਰ ਸੰਬੰਧਾਂ ਜਿੰਨ੍ਹਾਂ ਦੁਆਰਾ ਇਕ ਜਾਲ ਜਿਹਾ ਬਣਦਾ ਹੈ, ਆਉਂਦੇ ਹਨ।

(ਸ) **ਰਾਜਨਿਤਿਕ ਸੰਗਠਨ** : ਇਹ ਉਨ੍ਹਾਂ ਤਰੀਕਿਆਂ ਅਤੇ ਵਿਧਿਆਂ ਨੂੰ ਦਰਸਾਉਂਦਾ ਹੈ ਜਿਸ ਵਿਚ ਸਮਾਜ ਵਿਚ ਪੈਦਾ ਹੁੰਦੇ ਸੰਘਰਸ਼ (Conflict) ਨੂੰ ਕਾਬੂ ਕੀਤਾ ਜਾ ਸਕੇ ਅਤੇ ਸਮਾਜ ਵਿਚ ਵਿਵਸਥਾ ਬਣਾਈ ਰੱਖੀ ਜਾਵੇ।

(ਹ) **ਗਿਆਨ ਜਾਂ ਬੋਧ** : ਇਸ ਵਿਚ ਸਾਰੀ ਕਿਸਮ ਦੇ ਵਿਸਵਾਸ਼ ਕਦਰਾਂ-ਕੀਮਤਾਂ, ਵਿਚਾਰਧਾਰਾਵਾਂ, ਆਦਰਸ਼,ਸੰਕੇਤ ਜਾਂ ਚਿੰਨ੍ਹ ਆਦਿ ਸ਼ਾਮਿਲ ਹੁੰਦੇ ਹਨ।

(ਕ) **ਕਲਾ** : ਇਸ ਰਾਹੀ ਮਨੁੱਖੀ ਭਾਵਨਾਤਮਕ ਆਵੇਗ ਜਾਂ ਬਲਬਲਿਆਂ ਨੂੰ ਪ੍ਰਗਟਾਇਆ ਜਾਂਦਾ ਹੈ।

(ਖ) **ਭਾਸ਼ਾ** : ਇਹ ਉੱਪਰ ਦਿੱਤੀਆਂ ਸਾਰੀਆਂ ਚੀਜ਼ਾ ਤੇ ਵਾਪਰਨ ਲਈ ਮਾਧਿਅਮ ਦਾ ਕੰਮ ਕਰਦੀ ਹੈ।

(ਙ) **ਸਭਿਆਚਾਰ** : ਸਾਡੇ ਜਿਉਣ ਦਾ ਢੰਗ ਜਿਸ ਵਿਚ ਸਾਡਾ ਰਹਿਣ ਸਹਿਣ, ਬੋਲਚਾਲ, ਖਾਣ-ਪੀਣ, ਸਾਡੇ ਵਿਸ਼ਵਾਸ, ਕਦਰਾਂ-ਕੀਮਤਾਂ, ਗਿਆਨ, ਕਲਾ ਆਦਿ ਸ਼ਾਮਿਲ ਹਨ।

(ਚ) **ਪਦਾਰਥ ਸਭਿਆਚਾਰ** : ਸਾਰੀਆਂ ਸਥੂਲ ਵਸਤਾਂ ਜਿਸ ਵਿਚ ਘਰ, ਔਜ਼ਾਰ, ਬਰਤਨ, ਕੱਪੜੇ, ਕਿਤਾਬਾਂ ਆਦਿ।

(ਛ) **ਪਦਾਰਥ ਸਭਿਆਚਾਰ** : ਵਿਸ਼ਵਾਸ, ਕਦਰਾਂ-ਕੀਮਤਾਂ, ਨੈਤਿਕਤਾ, ਆਦਰਸ਼, ਵਿਚਾਰ, ਭਾਵਨਾਵਾਂ ਤੇ ਸਾਡਾ ਗਿਆਨ ਆਦਿ ਸ਼ਾਮਿਲ ਹੁੰਦੇ ਹਨ।

(ਜ) **ਸਭਿਆਚਾਰ ਪ੍ਰਤੀਮਾਨ** : ਸਭਿਆਚਾਰ ਦੇ ਵੱਖ-ਵੱਖ ਭਾਗਾਂ ਤੋਂ ਮਿਲਕੇ ਇਨ੍ਹਾਂ ਵਿਚਲੀ ਖਾਸ ਵਿਵਸਥਾ ਅਤੇ ਅੰਤਰ ਸੰਬੰਧਾਂ ਤੋਂ ਜੋ ਨਵੀ ਚੀਜ਼ ਬਣਦੀ ਹੈ, ਉਸ ਨੂੰ ਸਭਿਆਚਾਰਕ ਪ੍ਰਤੀਮਾਨ ਕਹਿੰਦੇ ਹਨ।

(ਝ) **ਸਭਿਆਚਾਰਕ ਪਸਰਾਓ** : ਸੰਸਕ੍ਰਿਤਕ ਅੰਗਾਂ ਦੀ ਇਕ ਖੇਤਰ ਤੋਂ ਦੂਜੇ ਖੇਤਰ ਜਾਂ ਇਕ ਹਿੱਸੇ ਤੋਂ ਦੂਜੇ ਹਿੱਸੇ ਜੋ ਬਦਲੀ ਹੁੰਦੀ ਹੈ, ਉਸ ਨੂੰ ਸਭਿਆਚਾਰਕ ਪਸਰਾਓ ਜਾਂ ਫੈਲਾਅ ਕਿਹਾ ਜਾਂਦਾ ਹੈ।

## *2.3.10 ਅਭਿਆਸ ਲਈ ਪ੍ਰਸ਼ਨ*

### ਵੱਡੇ ਪ੍ਰਸ਼ਨ

*(ੳ) ਸਭਿਆਚਾਰ ਤੋਂ ਕੀ ਭਾਵ ਹੈ? ਇਹ ਕਿੰਨੀ ਕਿਸਮ ਦਾ ਹੁੰਦਾ ਹੈ?*

*(ਅ) ਸਭਿਆਚਾਰ ਕਿਸ ਨੂੰ ਆਖਦੇ ਹਨ? ਇਸ ਦੀਆਂ ਕੀ ਵਿਸ਼ੇਸ਼ਤਾਈਆਂ ਹਨ?*

*(ੲ) ਸਭਿਆਚਾਰ ਨੂੰ ਬਿਆਨ ਕਰਦੇ ਹੋਏ ਇਸਦੇ ਕੰਮਾਂ ਤੇ ਰੋਸ਼ਨੀ ਪਾਓ।*

*(ਸ) ਸਭਿਆਚਾਰ ਅਤੇ ਇਸ ਦੇ ਤੱਤਾਂ ਨੂੰ ਖੋਲ੍ਹਕੇ ਬਿਆਨ ਕਰੋ।*

### ਸੰਖੇਪ ਪ੍ਰਸ਼ਨ

*(ੳ) ਸਭਿਆਚਾਰ ਦੀਆਂ ਕਿਸਮਾਂ ਬਿਆਨ ਕਰੋ।*

*(ਅ) ਸਭਿਆਚਾਰ ਦੇ ਕੋਈ ਚਾਰ ਕਾਰਜ ਲਿਖੋ।*

*(ੲ) ਪਦਾਰਥਕ ਅਤੇ ਅਪਦਾਰਥਕ ਸਭਿਆਚਾਰ ਵਿਚ ਕੀ ਭੇਦ ਹੈ?*

*(ਸ) ਸਭਿਆਚਾਰ ਦੀਆਂ ਚਾਰ ਵਿਸ਼ੇਸ਼ਤਾਈਆਂ ਲਿਖੋ।*

## *2.3.11 ਉਪਯੋਗੀ ਪੁਸਤਕਾਂ :*


- Harry M.Johnson : Sociology : A Systematic Introduction, Allied Publishers, New Delhi.
- Donalelight, J.R. Suzanne : Sociology, Alfred A. KNopf, New York
- Sawinderjett Kaur: Samaj Vigyan De Mool Sankalp (Punjabi), Publication Bureau, Punjabi University, Patiala.

ਪਾਠ ਨੰ: 2.4                                                                                ਲੇਖਿਕਾ : ਡਾ. ਹਰਿੰਦਰ ਕੌਰ

**Last Updated: August, 2023**

# ਸਭਿਆਚਾਰ ਪਛੜੇਵਾਂ
# (Cultural Lag)

## ਬਣਤਰ


2.4.1 ਉਦੇਸ਼

2.4.2 ਜਾਣ-ਪਛਾਣ

2.4.3 ਪਰਿਭਾਸ਼ਾ

2.4.4 ਸਭਿਆਚਾਰਕ ਪਛੜੇਵੇਂ ਦਾ ਅਰਥ

2.4.5 ਸਭਿਆਚਾਰਕ ਪਛੜੇਵੇਂ ਦੇ ਕਾਰਨ

2.4.6 ਆਲੋਚਨਾ

2.4.7 ਸਾਰ

2.4.8 ਮੁੱਖ ਸ਼ਬਦ

2.4.9 ਅਭਿਆਸ ਲਈ ਪ੍ਰਸ਼ਨ

2.4.9 ਉਪਯੋਗੀ ਪੁਸਤਕਾਂ


## 2.4.1 ਉਦੇਸ਼

ਇਸ ਪਾਠ ਨੂੰ ਪੜ੍ਹਨ ਤੋਂ ਬਾਅਦ ਤੁਸੀਂ :

- ਸਭਿਆਚਾਰਕ ਪਛੜੇਵੇਂ ਦੇ ਸੰਕਲਪ ਨੂੰ ਖੋਲ੍ਹ ਕੇ ਬਿਆਨ ਕਰ ਸਕਦੇ ਹੋ।
- ਸਭਿਆਚਾਰਕ ਪਛੜੇਵੇਂ ਦੇ ਕਾਰਨਾਂ ਦੀ ਜਾਣਕਾਰੀ ਦੇ ਸਕਦੇ ਹੋ।
- ਔਰਬਰਨ ਦੁਆਰਾ ਦੱਸੇ ਸਭਿਆਚਾਰਕ ਪਛੜੇਵੇਂ ਦੇ ਸੰਕਲਪ ਦੀ ਆਲੋਚਨਾ ਕਰ ਸਕਦੇ ਹੋ।

## 2.4.2 ਜਾਣ-ਪਛਾਣ

ਵਿਦਿਆਰਥੀਓ, ਜਿਵੇਂ ਕਿ ਅਸੀਂ ਪਿਛਲੇ ਪਾਠ ਵਿੱਚ ਪੜ੍ਹ ਆਏ ਹਾਂ ਕਿ ਸਭਿਆਚਾਰ ਦੀਆਂ ਬਹੁਤ ਸਾਰੀਆਂ ਇਕਾਈਆਂ ਹਨ ਜਿਨ੍ਹਾਂ ਵਿਚ ਸਭ ਤਰ੍ਹਾਂ ਦੀਆਂ ਸਰੀਰਕ ਅਤੇ ਮਾਨਸਿਕ ਪ੍ਰਕ੍ਰਿਆਵਾਂ ਜਿਵੇਂ ਸਾਡੇ ਰੀਤੀ ਰਿਵਾਜ, ਵਿਸ਼ਵਾਸ਼, ਧਾਰਨਾਵਾਂ, ਸਾਡਾ ਰਹਿਣ-ਸਹਿਣ ਦਾ ਢੰਗ, ਬੋਲ-ਚਾਲ ਤੇ ਜੀਉਣ ਦਾ ਢੰਗ ਸ਼ਾਮਿਲ ਹੁੰਦੇ ਹਨ। ਪਰ ਅਮਰੀਕਾ ਦੇ ਉਘੇ ਵਿਗਿਆਨੀ **ਡਬਲਿਊ.ਐਫ. ਔਗਬਰਨ** (W.F. Ogburn) ਨੇ ਇਸ ਸਥਿਤੀ ਨੂੰ ਦੋ ਹਿੱਸਿਆਂ ਵਿਚ ਵੰਡ ਛੱਡਿਆ। ਭਾਵ ਪਦਾਰਥਕ ਅਤੇ ਅਪਦਾਰਥਕ ਸਭਿਆਚਾਰ। ਪਦਾਰਥਕ ਸਭਿਆਚਾਰ ਤੋਂ ਭਾਵ ਸਥੂਲ ਵਸਤਾਂ ਜਿਵੇਂ ਘਰ, ਬਰਤਨ, ਔਜ਼ਾਰ,

ਮਸ਼ੀਨਾਂ, ਕਪੜੇ ਅਤੇ ਹੋਰ ਅਨੇਕਾਂ ਪ੍ਰਕਾਰ ਦਾ ਸਾਜੋ ਸਮਾਨ ਅਤੇ ਅਪਦਾਰਥਕ ਸਭਿਆਚਾਰ ਤੋਂ ਭਾਵ ਸਾਡੀ ਕਲਾ, ਸਾਹਿਤ, ਵਿਚਾਰ ਅਤੇ ਭਾਵਾਤਮਕ ਪ੍ਰਕ੍ਰਿਆਵਾਂ ਆਦਿ। ਇਹ ਦੋਵੇਂ ਤਰ੍ਹਾਂ ਦੀ ਸਭਿਆਚਾਰ ਆਪਸ ਵਿਚ ਗੂੜ੍ਹੇ ਰਿਸ਼ਤੇ ਨਾਲ ਜੁੜੀ ਹੁੰਦੀ ਹੈ। ਜੇਕਰ ਇਨ੍ਹਾਂ ਵਿਚੋਂ ਕਿਸੇ ਇਕ ਵਿਚ ਵੀ ਪਰਿਵਰਤਨ ਜਾਂ ਤਬਦੀਲੀ ਆਉਂਦੀ ਹੈ ਤਾਂ ਦੂਸਰੀ ਵਿਚ ਤਬਦੀਲੀ ਆਉਣੀ ਲਾਜ਼ਮੀ ਹੈ। ਪਰੰਤੂ ਇਸ ਤਬਦੀਲੀ ਦੀ ਦਰ ਵਖੋ ਵਖਰੀ ਹੈ। ਪਦਾਰਥਕ ਸਭਿਆਚਾਰ ਵਿਚ ਬਦਲਾਓ ਬਹੁਤ ਤੇਜ਼ੀ ਨਾਲ ਆਉਂਦਾ ਹੈ ਜਦੋਂ ਕਿ ਅਪਦਾਰਥਕ ਸਭਿਆਚਾਰ ਐਨੀ ਤੇਜ਼ੀ ਨਾਲ ਨਹੀਂ ਬਦਲਦੀ। ਨਤੀਜੇ ਵਜੋਂ ਇਨ੍ਹਾਂ ਦੋਵਾਂ ਤਰ੍ਹਾਂ ਦੀਆਂ ਸਭਿਆਚਾਰਾਂ ਵਿਚਕਾਰ ਇਕ ਖੱਪਾ ਪੈਦਾ ਹੋ ਜਾਂਦਾ ਹੈ ਜਿਸਨੂੰ ਔਗਬਰਨ ਨੇ ਕਲਚਰਲ ਲੈਗ (Cultural Lag) ਦਾ ਨਾਂ ਦਿੱਤਾ ਹੈ।

### 2.4.3 ਪਰਿਭਾਸ਼ਾ

**ਔਗਬਰਨ** ਅਨੁਸਾਰ, ਸਭਿਆਚਾਰਕ ਪਛੜੇਵਾਂ ਇਕ ਅਜਿਹਾ ਤਣਾਉ ਹੁੰਦਾ ਹੈ ਜੋ ਇਕੋ ਸਭਿਆਚਾਰ ਦੇ ਦੋ ਸਹਿ-ਸੰਬੰਧਿਤ ਭਾਗਾਂ ਵਿਚ ਉਦੋਂ ਪੈਦਾ ਹੁੰਦਾ ਹੈ ਜਦੋਂ ਦੋਨਾਂ ਵਿਚੋਂ ਇਕ ਭਾਗ ਵਿਚ ਸਮਾਜਿਕ ਪਰਿਵਰਤਨ ਦੀ ਰਫਤਾਰ ਦੂਸਰੇ ਨਾਲੋਂ ਘੱਟ ਹੋਵੇ ਅਤੇ ਉਹ ਉਸ ਤੋਂ ਪਛਾਂਹ ਰਹਿ ਜਾਵੇ। (The strain that exists between two correlated parts of culture that change at unequal rate of speed may be interpreted as a lag in the part that is changing at the slower rate for the one lags behind the other.)

### 2.4.4 ਸਭਿਆਚਾਰਕ ਪਛੜੇਵੇਂ ਦਾ ਅਰਥ

ਉਪਰੋਕਤ ਪਰਿਭਾਸ਼ਾ ਦਾ ਅਰਥ ਹੈ ਕਿ ਆਧੁਨਿਕ ਸਭਿਆਚਾਰ ਦੇ ਵੱਖ ਵੱਖ ਭਾਗਾਂ ਵਿਚ ਤਬਦੀਲੀਆਂ ਇਕੋ ਸਾਰ ਨਹੀਂ ਆਉਂਦੀਆਂ ਬਲਕਿ ਕੁਝ ਹਿੱਸੇ ਬਾਕੀਆਂ ਨਾਲੋਂ ਤੇਜੀ ਨਾਲ ਬਦਲਦੇ ਹਨ ਕਿਉਂਕਿ ਇਨ੍ਹਾਂ ਸਾਰਿਆਂ ਦੇ ਇਕੋ ਸਭਿਆਚਾਰ ਦੇ ਹਿੱਸੇ ਹੋਣ ਦੇ ਕਾਰਨ ਇਨ੍ਹਾਂ ਵਿਚ ਸਹਿ-ਸੰਬੰਧਤਾ ਅਤੇ ਅੰਤਰ ਨਿਰਭਰਤਾ ਹੁੰਦੀ ਹੈ। ਜਦੋਂ ਵੀ ਇਕ ਹਿਸੇ ਵਿਚ ਕਿਸੇ ਵੀ ਕਾਰਨ ਵਜੋਂ ਤਬਦੀਲੀ ਆਉਂਦੀ ਹੈ ਤਾਂ ਦੂਸਰੇ ਹਿੱਸਿਆਂ ਲਈ ਇਹ ਜ਼ਰੂਰੀ ਬਣ ਜਾਂਦਾ ਹੈ ਕਿ ਉਹ ਆਪਣੇ ਆਪ ਨੂੰ ਉਸ ਤਬਦੀਲੀ ਦੇ ਮੁਤਾਬਿਕ ਢਾਲਣ। ਪਰ ਆਮ ਤੌਰ ਤੇ ਜਦ ਵੀ ਇਕ ਹਿੱਸੇ ਵਿਚ ਕਿਸੇ ਵੀ ਕਾਢ ਕਾਰਨ ਪਰਿਵਰਤਨ ਆਉਂਦਾ ਹੈ ਤਾਂ ਉਹ ਹਿੱਸੇ ਜੋ ਉਸਦੇ ਨਾਲ ਸਬੰਧਤ ਹੁੰਦੇ ਹਨ ਐਨੀ ਤੇਜੀ ਨਾਲ ਨਹੀਂ ਬਦਲ ਸਕਦੇ ਜਿਸਦੇ ਕਾਰਨ ਇਕ ਖੱਪਾ ਪੈਦਾ ਹੋ ਜਾਂਦਾ ਹੈ। ਜਦ ਕਿ ਪਦਾਰਥਕ ਹਾਲਤਾਂ ਬਦਲਦੀਆਂ ਹਨ ਤਾਂ ਸਭਿਆਚਾਰ ਵਿਚ ਵੀ ਥੋੜਾ ਬਹੁਤ ਅਨੁਕੂਲਿਤ ਬਦਲਾਓ ਆਉਂਦਾ ਹੈ ਪਰ ਇਹ ਤਬਦੀਲੀ ਇਕ ਬਰਾਬਰ ਨਹੀਂ ਹੁੰਦੀ ਜਾਂ ਕਹਿ ਲਵੋ ਕਿ ਪਦਾਰਥਕ ਅਤੇ ਅਪਦਾਰਥਕ ਸਭਿਆਚਾਰ ਵਿਚ ਸਮਕਾਲੀਨ ਪਰਿਵਰਤਨ ਨਹੀਂ ਹੁੰਦਾ ਜਿਸ ਦੇ ਨਤੀਜੇ ਵਜੋਂ ਸਭਿਆਚਾਰਕ ਪਛੜੇਵਾਂ ਉਪਜਦਾ ਹੈ।

ਅੱਜ ਦੇ ਆਧੁਨਿਕ ਤਕਨੀਕੀ ਯੁੱਗ ਵਿਚ ਜਿਥੇ ਅਨੇਕਾਂ ਪ੍ਰਕਾਰ ਦੀਆਂ ਨਵੀਆਂ ਕਾਢਾਂ ਅਤੇ ਰੀਤਾਂ ਪੁਰਾਣੇ ਰਹਿਣ ਸਹਿਣ ਦੇ ਢੰਗਾਂ ਨੂੰ ਲਗਾਤਾਰ ਉਲਟ ਪੁਲਟ ਕਰ ਰਹੀਆਂ ਹਨ ਉਥੇ ਸਭਿਆਚਾਰਕ ਪਛੜੇਵੇਂ ਦਾ ਸੰਕਲਪ ਬਹੁਤ ਮਹੱਤਤਾ ਰੱਖਦਾ ਹੈ ਅਤੇ ਬਹੁਤ ਸਾਰੇ ਸਮਾਜ ਵਿਗਿਆਨੀਆਂ ਨੇ ਇਸਨੂੰ ਆਪਣੀਆਂ ਲਿਖਤਾਂ ਵਿਚ ਬਿਆਨ ਕੀਤਾ ਹੈ। ਪਰ ਸਭ ਤੋਂ ਪਹਿਲਾਂ **ਔਗਬਰਨ** ਨੇ ਇਸ ਨੂੰ ਆਪਣੀ ਕਿਤਾਬ Social Change ਵਿਚ ਬਿਆਨ ਕੀਤਾ। ਜੇਕਰ ਕਿਸੇ ਸਮਾਜ ਨੇ ਪਦਾਰਥਕ ਅਤੇ ਅਪਦਾਰਥਕ ਸਭਿਆਚਾਰ ਵਿਚ ਇਕਸਾਰਤਾ ਬਣਾ ਕੇ ਰਖਣੀ ਹੈ ਤਾਂ ਦੋਵਾਂ ਵਿਚ ਸਹੀ ਤਾਲਮੇਲ ਹੋਣਾ ਜ਼ਰੂਰੀ ਹੈ। ਇਸ ਲਈ ਕ੍ਰਿਆਸ਼ੀਲ ਹੋਣ ਦੀ ਜ਼ਰੂਰਤ ਹੈ ਜਿਸ ਵਾਸਤੇ ਇਕ ਉਚ ਦਰਜੇ ਦੀ ਯੋਜਨਾ ਹੋਣੀ ਲਾਜ਼ਮੀ ਹੈ। ਆਧੁਨਿਕ ਸਮਾਜ ਵਿਚ ਅਪਦਾਰਥਕ ਸਭਿਆਚਾਰ ਦਾ ਪਦਾਰਥਕ ਸਭਿਆਚਾਰ ਦੇ ਨਾਲ ਤੇਜ਼ੀ ਨਾਲ ਅਸਰਦਾਇਕ ਤਾਲਮੇਲ ਨਾ ਹੋਣ ਦੀ ਵਜ੍ਹਾ ਤਕਨੀਕੀ ਅਸਮਰਥਾ ਨਹੀਂ ਬਲਕਿ ਸਾਡੇ ਸਮਾਜਿਕ ਢਾਂਚੇ ਦੇ ਅਦਾਰਸ਼ਕ ਸਿਧਾਂਤਾਂ ਦੀ ਦ੍ਰਿੜ੍ਹਤਾ ਹੈ। ਸਾਡੇ ਸਮਾਜ ਵਿਚ

ਜੋ ਖੱਪਾ ਪਿਛਲੇ ਕਈ ਸੌ ਸਾਲਾਂ ਵਿਚ ਉਭਰਿਆ ਹੈ ਉਹ ਇਸੇ ਕਰਕੇ ਹੈ ਕਿ ਵਿਗਿਆਨਕ ਤਕਨੀਕ ਨੇ ਤੇਜ਼ੀ ਨਾਲ ਉੱਨਤੀ ਕੀਤੀ ਹੈ ਪਰ ਸਾਡੀਆਂ ਸੰਸਥਾਵਾਂ ਅਤੇ ਵਿਚਾਰਧਾਰਾਵਾਂ ਪੁਰਾਣੀਆਂ ਹੀ ਹਨ। ਇਸ ਲਈ ਮਨੁੱਖ ਲਈ ਜ਼ਰੂਰੀ ਹੈ ਕਿ ਉਹ ਆਪਣੀ ਵਿਚਾਰਧਾਰਾ ਅਤੇ ਵਿਵਹਾਰ ਨੂੰ ਮੌਜੂਦਾ ਤਕਨੀਕ ਦੇ ਨਾਲ ਨਾਲ ਬਦਲਦਾ ਰਹੇ ਅਤੇ ਦੋਵਾਂ ਵਿਚ ਤਾਲਮੇਲ ਬਣਾ ਕੇ ਰਖੇ ਕਿਉਂਕਿ ਅਪਦਾਰਥਕ ਸਭਿਆਚਾਰ ਨੇ ਹੀ ਪਦਾਰਥਕ ਸਭਿਆਚਾਰ ਨਾਲ ਮਨੁੱਖ ਦੀ ਵਿਵਸਥਾ ਨੂੰ ਸੰਚਾਲਿਤ ਕਰਨਾ ਹੁੰਦਾ ਹੈ। ਦੋਹਾਂ ਸਭਿਆਚਾਰਆਂ ਵਿਚਲਾ ਇਹ ਖੱਪਾ ਕਈ ਵਾਰੀ ਲੰਮੇ ਸਮਿਆਂ ਤਕ ਚਲਦਾ ਰਹਿੰਦਾ ਹੈ। ਮੌਜੂਦਾ ਸਮਾਜ ਦਾ ਇਹ ਰੁਝਾਨ ਹੈ ਕਿ ਉਸ ਦੀਆਂ ਪਰਿਵਾਰਿਕ, ਧਾਰਮਿਕ, ਰਾਜਨੀਤਿਕ ਅਤੇ ਵਿਦਿਅਕ ਸੰਸਥਾਵਾਂ ਵਿਚ ਤਬਦੀਲੀ ਹੌਲੀ ਹੌਲੀ ਆਉਂਦੀ ਹੈ ਜਿਨ੍ਹਾਂ ਨੂੰ ਅਸੀਂ ਅਪਦਾਰਥਕ ਸਭਿਆਚਾਰ ਵਿਚ ਸ਼ਾਮਿਲ ਕਰਦੇ ਹਾਂ।

ਬੇਸ਼ਕ ਅੱਜ ਦੇ ਯੁੱਗ ਨੂੰ ਸਾਇੰਸ ਅਤੇ ਤਰਕਸ਼ੀਲਤਾ ਦਾ ਯੁੱਗ ਕਿਹਾ ਜਾਂਦਾ ਹੈ। ਇਸ ਪੱਖੋਂ ਪੱਛਮ ਨੇ ਸਭ ਤੋਂ ਵੱਧ ਉੱਨਤੀ ਕੀਤੀ ਹੈ ਪਰ ਵਿਸ਼ਵਾਸ਼ਾਂ, ਵਿਚਾਰਧਾਰਾਵਾਂ ਅਤੇ ਰੀਤੀ ਰਿਵਾਜਾਂ ਪੱਖੋਂ ਇਸਾਈ ਲੋਕਾਂ ਵਿਚ ਵੀ ਬਹੁਤ ਤਰਕਸ਼ੀਲਤਾ ਜਾਂ ਵਿਗਿਆਨਕ ਵਿਚਾਰਧਾਰਾ ਨਹੀਂ। ਉਨ੍ਹਾਂ ਵਿਚ ਵੀ ਨਵੇਂ ਨਵੇਂ ਅੰਧ ਵਿਸ਼ਵਾਸ਼ ਉਪਜਦੇ ਰਹਿੰਦੇ ਹਨ। ਇਸ ਤੋਂ ਜ਼ਾਹਿਰ ਹੈ ਕਿ ਦੁਨੀਆਂ ਦੇ ਹਰੇਕ ਸਮਾਜ ਜਾਂ ਸਭਿਆਚਾਰ ਵਿਚ ਸਭਿਆਚਾਰਕ ਪਛੜੇਵਾਂ ਹੈ ਭਾਵੇਂ ਉਹ ਸਭਿਆਚਾਰ ਭਾਰਤੀ ਹੋਵੇ, ਅਮਰੀਕਨ ਜਾਂ ਰੂਸੀ। ਪਰ ਇਸ ਦੀ ਕਿਸਮ, ਮਾਤਰਾ ਅਤੇ ਸਮਾਂ ਵੱਖੋ ਵੱਖ ਸਮਾਜਾਂ ਵਿਚ ਵੱਖੋ ਵੱਖਰਾ ਹੋ ਸਕਦਾ ਹੈ।

ਸਾਡੇ ਸਮਾਜਿਕ ਢਾਂਚੇ ਵਿਚ ਉਸ ਸਮੇਂ ਕੀ ਵਾਪਰਦਾ ਹੈ ਕਿ ਜਦੋਂ ਸਾਡੇ ਸਭਿਆਚਾਰਕ ਵਿਚਾਰ ਜਿਹੜੇ ਕਿ ਸਾਡੀ ਸਮਾਜਿਕ ਜ਼ਿੰਦਗੀ ਨੂੰ ਸੰਚਾਲਿਤ ਕਰਦੇ ਹਨ, ਜੋ ਦੂਸਰੀਆਂ ਸਮਾਜਿਕ ਤਬਦੀਲੀਆਂ ਦੇ ਬਰਾਬਰ ਨਹੀਂ ਚਲ ਸਕਦੇ। ਜਿਵੇਂ ਕਿ ਪਰਮਾਣੂ ਹਥਿਆਰਾਂ ਦਾ ਨਿਰਮਾਣ ਤਾਂ ਬਹੁਤ ਸਾਰੇ ਦੇਸ਼ਾਂ ਨੇ ਕਰ ਲਿਆ ਹੈ ਪਰ ਇਨ੍ਹਾਂ ਦੀ ਵਰਤੋਂ ਲਈ ਜਾਂ ਇਨ੍ਹਾਂ ਦੇ ਇਸਤੇਮਾਲ ਤੇ ਕਾਬੂ ਰਖਣ ਲਈ ਕੋਈ ਵੀ ਅੰਤਰ ਰਾਸ਼ਟਰੀ ਕਦਰਾਂ ਕੀਮਤਾਂ ਨਹੀਂ ਬਣਾਈਆਂ ਗਈਆਂ। ਇਸੇ ਤਰ੍ਹਾਂ ਨਵੀਂ ਮੈਡੀਕਲ ਤਕਨੀਕ ਨਾਲ ਇਹ ਸੰਭਵ ਹੋ ਗਿਆ ਹੈ ਕਿ ਇਕ ਮਨੁੱਖ ਦਾ ਸਰੀਰ ਜਿਸਨੂੰ ਕਿ ਮ੍ਰਿਤਕ ਕਰਾਰ ਕਰ ਦਿੱਤਾ ਗਿਆ ਹੋਵੇ ਕੁਝ ਹੋਰ ਸਮੇਂ ਲਈ ਤਕਨੀਕੀ ਤੌਰ ਤੇ (technically) ਕਾਰਜਸ਼ੀਲ ਹੋ ਸਕਦਾ ਹੈ। ਇਸ ਨਾਲ ਕਈ ਸਭਿਆਚਾਰਕ ਸਵਾਲ ਪੈਦਾ ਹੁੰਦੇ ਹਨ ਕਿ ਜੀਵਨ ਦਾ ਅੰਤ ਕਦੋਂ ਹੁੰਦਾ ਹੈ ? ਕਿਸ ਨੇ ਸਰੀਰ ਨੂੰ ਕਦੋਂ ਤੇ ਕਿਵੇਂ ਮ੍ਰਿਤਕ ਕਰਾਰ ਕਰਨਾ ਹੈ ? ਕਿਸ ਨੂੰ ਜੀਵਨ-ਅਧਾਰ ਹਟਾ ਲੈਣ ਦਾ ਅਧਿਕਾਰ ਹੈ ? ਅਜਿਹੀਆਂ ਨਵੀਆਂ ਪੈਦਾ ਹੋਈਆਂ ਹਾਲਤਾਂ ਜਾਂ ਸਵਾਲ ਨਵੀਆਂ ਕਦਰਾਂ-ਕੀਮਤਾਂ ਅਤੇ ਹਾਲਾਤ ਪੈਦਾ ਕਰਦੀਆਂ ਹਨ। ਇਸ ਖੱਪੇ ਨੂੰ ਹੀ ਸਭਿਆਚਾਰਕ ਪਛੜੇਵਾਂ (Cultural Lag) ਕਿਹਾ ਜਾਂਦਾ ਹੈ। ਉਦਾਹਰਣ ਵਜੋਂ ਅਸੀਂ ਆਪਣੇ ਸਮਾਜ ਵਿਚ ਇਸ ਕਿਸਮ ਦਾ ਖੱਪਾ ਆਮ ਵੇਖ ਸਕਦੇ ਹਾਂ। ਸਾਡੇ ਕੋਲ ਮਾਡਰਨ ਤਕਨੀਕ ਤੇ ਆਧਾਰਿਤ ਮਾਰੂਤੀ ਤੋਂ ਮਰਸ਼ੀਡੀਜ ਤੱਕ ਕਾਰਾਂ ਤਾਂ ਆ ਗਈਆਂ ਹਨ ਪਰ ਉਨ੍ਹਾਂ ਨੂੰ ਵਰਤਣ ਜਾਂ ਚਲਾਉਣ ਦਾ ਹਿਸਾਬ ਕਿਤਾਬ ਸਾਨੂੰ ਅਜੇ ਤੱਕ ਨਹੀਂ ਆਇਆ। ਕਾਰ ਵਿਚ ਬੈਠੇ ਹੋਏ ਵੀ ਅਸੀਂ ਦਿਮਾਗੀ ਤੌਰ ਤੇ ਪੈਦਲ ਹੀ ਚਲ ਰਹੇ ਹੁੰਦੇ ਹਾਂ ਅਤੇ ਕਿਸੇ ਵੀ ਟਰੈਫਿਕ ਰੂਲ ਦੀ ਪਾਲਣਾ ਨਹੀਂ ਕਰਦੇ। ਇਹ ਵਜ੍ਹਾ ਹੈ ਕਿ ਸਾਡੀਆਂ ਸੜਕਾਂ ਤੇ ਨਿਤ ਜਾਮ ਲੱਗੇ ਰਹਿੰਦੇ ਹਨ। ਇਸ ਦਾ ਸਿੱਟਾ ਇਹ ਨਿਕਲਿਆ ਕਿ ਅਸੀਂ ਮਾਡਰਨ ਤਕਨੀਕ ਤਾਂ ਹਾਸਿਲ ਕਰ ਲਈ ਪਰ ਉਸ ਦੇ ਅਨੁਕੂਲ ਕਲਚਰ ਨੂੰ ਨਹੀਂ ਅਪਣਾ ਸਕੇ।

### 2.4.5 ਸਭਿਆਚਾਰਕ ਪਛੜੇਵੇਂ ਦੇ ਕਾਰਨ

ਹੁਣ ਸਵਾਲ ਹੈ ਕਿ ਸਭਿਆਚਾਰਕ ਪਛੜੇਵਾਂ ਕਿਉਂ ਪੈਦਾ ਹੁੰਦਾ ਹੈ। ਇਸ ਦਾ ਸਭ ਤੋਂ ਮਹੱਤਵਪੂਰਣ ਕਾਰਨ ਇਹ ਹੈ ਕਿ ਸਭਿਆਚਾਰ ਦੇ ਵੱਖ ਵੱਖ ਤੱਤਾਂ ਦੇ ਬਦਲਾਓ ਦਾ ਦਰਜਾ ਵੱਖੋ ਵੱਖ ਕਿਸਮਾਂ ਦਾ ਹੈ। ਸਭ ਭਾਗਾਂ ਵਿਚ ਇਕੋ ਜਿਹੀ ਤੇ ਇਕੋ ਸਮੇਂ ਤਬਦੀਲੀ ਨਹੀਂ ਆਉਂਦੀ ਜਿਵੇਂ ਕਿ ਪਹਿਲਾਂ ਵੀ ਜ਼ਿਕਰ ਕੀਤਾ ਜਾ ਚੁੱਕਾ ਹੈ ਕਿ ਧਾਰਮਿਕ ਸੰਸਥਾਵਾਂ ਵਿਚ

ਤਬਦੀਲੀ ਬਹੁਤ ਘੱਟ ਤੇ ਬਹੁਤ ਹੋਲੀ ਆਉਂਦੀ ਹੈ। ਜੇਕਰ ਸੰਸਕਾਰ ਦੇ ਮੁੱਖ ਧਰਮਾਂ ਜਿਵੇਂ ਈਸਾਈ, ਇਸਲਾਮ, ਬੋਧੀ ਜਾਂ ਹਿੰਦੂ ਧਰਮ ਤੇ ਨਜ਼ਰ ਮਾਰੀਏ ਤਾਂ ਪਤਾ ਚਲਦਾ ਹੈ ਕਿ ਇਨ੍ਹਾਂ ਵਿਚ ਪਿਛਲੇ ਕਈ ਸਾਲਾਂ ਵਿਚ ਨਾ ਮਾਤਰ ਹੀ ਬਦਲਾਓ ਆਇਆ ਹੈ। ਇਸੇ ਤਰ੍ਹਾਂ ਦੀ ਮਾਮੂਲੀ ਤਬਦੀਲੀ ਪੁਰਾਤਨ ਕਬਾਇਲੀ ਧਰਮ ਵਿਚ ਹੀ ਵੇਖਣ ਨੂੰ ਮਿਲਦੀ ਹੈ। ਇਸੇ ਤਰ੍ਹਾਂ ਕਾਨੂੰਨ ਵਿਚ ਮੱਧਮ ਰਫਤਾਰ ਪਰਿਵਰਤਨ ਵੇਖਿਆ ਜਾ ਸਕਦਾ ਹੈ ਜੋ ਧਰਮ ਦੇ ਮੁਕਾਬਲੇ ਤਾਂ ਕੁਝ ਤੇਜ਼ੀ ਨਾਲ ਆਉਂਦਾ ਹੈ। ਪਰ ਬਹੁਤ ਤੇਜ਼ੀ ਨਾਲ ਕਾਨੂੰਨ ਨਹੀਂ ਬਦਲਦੇ। ਕਾਨੂੰਨ ਵਿਚ ਮੱਧਮ ਰਫਤਾਰ ਪਰਿਵਰਤਨ ਦੇ ਹੋਣ ਦੀ ਵਜ੍ਹਾ ਉਸਦੇ ਆਪਣੇ ਵਿਰਸੇ (tradition) ਨੂੰ ਜ਼ਿਆਦਾ ਸਤਿਕਾਰ ਦੇਣਾ ਹੀ ਹੈ। ਨਵੇਂ ਕਾਨੂੰਨ ਸਿਰਫ ਉਸ ਸਮੇਂ ਹੀ ਬਣਾਏ ਜਾਂਦੇ ਹਨ ਜਦੋਂ ਉਨ੍ਹਾਂ ਦੀ ਅਣਹੋਂਦ ਤੋਂ ਕੋਈ ਖਾਸ ਮੁਸ਼ਕਿਲ ਪੇਸ਼ ਆ ਰਹੀ ਹੋਵੇ।

ਉਦਾਹਰਣ ਵਜੋਂ ਉਦਯੋਗਿਕ ਕ੍ਰਾਂਤੀ ਨਾਲ ਸਭਿਆਚਾਰਕ ਪਛੜੇਵੇਂ ਨੇ ਜ਼ੋਰ ਫੜਿਆ। ਅਨੇਕਾਂ ਫੈਕਟਰੀਆਂ ਦੇ ਨਿਰਮਾਣ ਨਾਲ ਬੱਚੇ ਅਤੇ ਔਰਤਾਂ ਦੀ ਲੇਬਰ ਨੇ ਜ਼ੋਰ ਫੜਿਆ। ਕਿਰਤੀਆਂ ਲਈ ਕੰਮ ਦਾ ਸਮਾਂ, ਪੈਸੇ ਜਾਂ ਦੂਸਰੀਆਂ ਕੰਮ ਕਾਜ ਲਈ ਲੋੜੀਂਦੀਆਂ ਹਾਲਤਾਂ ਨਿਰਧਾਰਿਤ ਨਹੀਂ ਸਨ ਜਿਸ ਨਾਲ ਇਨ੍ਹਾਂ ਫੈਕਟਰੀਆਂ ਵਿਚ ਕੰਮ ਕਰਨ ਵਾਲੇ ਮਜ਼ਦੂਰਾਂ ਦੀ ਹਾਲਤ ਬਦਤਰ ਹੋ ਗਈ। ਉਸ ਸਮੇਂ ਦੇ ਕਾਨੂੰਨ ਮਜ਼ਦੂਰਾਂ ਦੀ ਬਜਾਏ ਮਾਲਕਾਂ ਦੀ ਹਮਾਇਤ ਹੀ ਕਰਦੇ ਸਨ ਜਿਸਦੇ ਸਦਕਾ ਮਜ਼ਦੂਰਾਂ ਦਾ ਸ਼ੋਸ਼ਨ ਹੋਣਾ ਲਾਜ਼ਮੀ ਬਣਿਆ ਰਿਹਾ। ਇਸ ਅਵਸਥਾ ਨੂੰ ਬਦਲਣ ਵਾਸਤੇ ਹੀ ਮੁਜਾਹਰੇ ਹੋਣ ਲਗੇ ਅਤੇ ਧਰਨੇ ਲਗਣ ਲੱਗੇ ਕਿਉਂਕਿ ਨਵੀਂ ਉਤਪਾਦਕ ਸੰਸਥਾ ਨੂੰ ਚਲਾਉਣ ਵਾਸਤੇ ਨਵੇਂ ਕਾਨੂੰਨ ਬਣਾਏ ਜਾਣ ਦੀ ਲੋੜ ਸੀ ਤਾਂ ਜੋ ਮਜ਼ਦੂਰ ਭਾਈ ਸ਼ੋਸ਼ਣ ਤੋਂ ਬਚ ਜਾਣ। ਇਹ ਬੇਸ਼ੁਮਾਰ ਕਿਰਤੀਆਂ ਦੀ ਕੋਸ਼ਿਸ਼ ਦਾ ਸਦਕਾ ਹੀ ਜੋ ਕੰਮ ਕਰਨ ਦਾ ਸਮਾਂ, ਪੈਸੇ ਅਤੇ ਹੋਰ ਲੋੜੀਂਦੀਆਂ ਹਾਲਤਾਂ ਆਦਿ ਨਿਰਧਾਰਤ ਕੀਤੀਆਂ ਗਈਆਂ। ਮਜ਼ਦੂਰਾਂ ਦੀ ਅਸੰਤੋਸ਼ਜਨਕ ਹਾਲਤ ਨੂੰ ਮੱਦੇਨਜ਼ਰ ਰਖਦੇ ਹੋਏ ਲੇਬਰ ਕਾਨੂੰਨ ਹੋਂਦ ਵਿਚ ਆਇਆ। ਇਸ ਕਾਨੂੰਨ ਦੇ ਬਨਣ ਅਤੇ ਲਾਗੂ ਹੋਣ ਲਈ ਕਾਫ਼ੀ ਸਮਾਂ ਲੱਗਿਆ ਸੋ ਇਸ ਗੱਲ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਜਿਸ ਰਫ਼ਤਾਰ ਨਾਲ ਮਸ਼ੀਨਾਂ ਅਤੇ ਫੈਕਟਰੀਆਂ ਦਾ ਨਿਰਮਾਣ ਹੋਇਆ, ਪਦਾਰਥਕ ਵਸਤਾਂ ਵਧੀਆ ਉਸ ਰਫ਼ਤਾਰ ਨਾਲ ਸਾਡੀ ਸੋਚ, ਧਰਮ ਜਾਂ ਕਾਨੂੰਨ ਨਹੀਂ ਬਦਲੇ।

ਤੀਸਰੀ ਗੱਲ ਇਹ ਹੈ ਕਿ ਤਕਨੀਕ ਦੀ ਉੱਨਤੀ ਵੀ ਹਰ ਖੇਤਰ ਅਤੇ ਹਰ ਸਮਾਜ ਵਿਚ ਇਕੋ ਜਿਹੀ ਨਹੀਂ ਹੋਈ। ਕਿਸੇ ਸਮੇਂ ਰਸਾਇਣਕ ਵਿਗਿਆਨ ਦੀ ਪ੍ਰਗਤੀ ਹੋਈ, ਕਿਸੇ ਸਮੇਂ ਭੌਤਿਕ ਵਿਗਿਆਨ ਵਿਚ ਖੋਜਾਂ ਹੋਈਆਂ ਤੇ ਨਵੀਆਂ ਨਵੀਆਂ ਕਾਢਾਂ ਨਿਕਲੀਆਂ ਤਾਂ ਕਦੇ ਜੀਵ ਵਿਗਿਆਨ ਦੇ ਰਾਹ ਤੇ ਉੱਨਤੀ ਹੋਈ। ਪੱਛਮ ਹਰ ਵੇਲੇ ਹੀ ਇਨ੍ਹਾਂ ਕਾਢਾਂ ਦਾ ਮੋਹਰੀ ਰਿਹਾ ਅਤੇ ਬਾਕੀ ਸਮਾਜਾਂ ਵਿਚ ਇਹ ਮਗਰੋਂ ਪੇਸ਼ ਹੋਈਆਂ।

ਸਭਿਆਚਾਰਕ ਪਛੜੇਵੇਂ ਲਈ ਜ਼ਿੰਮੇਵਾਰ ਇਨ੍ਹਾਂ ਸਭ ਕਾਰਨਾਂ ਦੇ ਨਾਲ ਨਾਲ ਇਕ ਹੋਰ ਮਹੱਤਵਪੂਰਨ ਕਾਰਨ ਹੈ ਮਨੁੱਖ ਦਾ ਮਨੋਵਿਗਿਆਨਕ ਰੂੜ੍ਹੀਵਾਦੀ ਹੋਣਾ ਕਿਉਂਕਿ ਉਸਨੂੰ ਆਪਣੇ ਪੁਰਖਾਂ ਵਲੋਂ ਦਿਖਾਏ ਰਸਤੇ ਤੇ ਚਲਣਾ ਅਸਾਨ ਲਗਦਾ ਹੈ ਇਸ ਲਈ ਉਹ ਪੁਰਾਣੇ ਸੰਕਲਪ, ਸਿਧਾਂਤ ਅਤੇ ਕਦਰਾਂ-ਕੀਮਤਾਂ ਨੂੰ ਵਿਸਾਰਦਾ ਨਹੀਂ। ਧਰਮ ਅਤੇ ਕੁਲੀਨਤਾ ਵਰਗੇ ਖੇਤਰਾਂ ਵਿਚ ਵਿਰੋਧਤਾ ਜਾਂ ਅਸਹਿਮਤੀ ਨੂੰ ਦੁਸ਼ਟਤਾ ਕਰਾਰ ਦਿੱਤਾ ਜਾਂਦਾ ਹੈ ਇਸ ਲਈ ਕੋਈ ਵੀ ਵਿਅਕਤੀ ਇਸ ਵਿਚ ਤਬਦੀਲੀ ਜਾਂ ਬਦਲਾਓ ਦਾ ਯਤਨ ਨਹੀਂ ਕਰਦਾ। ਰੂੜ੍ਹੀਵਾਦੀ ਅਤੇ ਸਿਧਾਂਤਕ ਹੋਣ ਦੇ ਨਾਤੇ ਮਨੁੱਖ ਕਈ ਤਰ੍ਹਾਂ ਦੀਆਂ ਸੰਸਥਾਵਾਂ ਵਿਚ ਤਬਦੀਲੀ ਨਹੀਂ ਲਿਆਉਂਦਾ।

**ਆਪਣਾ ਗਿਆਨ ਪਰਖੋ**

(ੳ) ਸਭਿਆਚਾਰ ਨੂੰ ਆਪਣੇ ਸ਼ਬਦਾਂ ਵਿਚ ਬਿਆਨ ਕਰੋ।

______________________________________________________________________

______________________________________________________________________

______________________________________________________________________

*(ਅ) ਪਦਾਰਥਕ ਤੇ ਅਪਦਾਰਥਕ ਸਭਿਆਚਾਰ ਵਿਚ ਕੀ ਅੰਤਰ ਹੈ ?*

*(ੲ) ਸਭਿਆਚਾਰਕ ਪਛੜੇਵਾਂ ਕੀ ਹੁੰਦਾ ਹੈ ?*

### *2.4.6 ਅਲੋਚਨਾ*

***ਔਗਬਰਨ*** *ਦੁਆਰਾ ਕੀਤੀ ਉਪਰੋਕਤ ਚਰਚਾ ਤੋਂ ਅਸੀਂ ਇਸ ਸਿੱਟੇ ਤੇ ਪਹੁੰਚਦੇ ਹਾਂ ਕਿ ਹਰ ਸਮਾਜ ਵਿਚ ਸਭਿਆਚਾਰਕ ਪਛੜੇਵਾਂ ਹੈ ਅਤੇ ਇਸਦਾ ਹੋਣਾ ਲਾਜ਼ਮੀ ਹੈ। ਜਿਸਦੀ ਵਜ੍ਹਾ ਸਮਾਜ ਦੀ ਨਾਬਰਾਬਰੀ ਹੀ ਹੈ। ਬਹੁਤ ਸਾਰੇ ਸਮਾਜ ਵਿਗਿਆਨੀ ਇਸ ਵਿਚਾਰ ਨਾਲ ਸਹਿਮਤ ਹਨ ਪਰ ਕੁਝ ਲੋਕਾਂ ਨੇ ਇਸ ਸੰਕਲਪ ਦੀ ਆਲੋਚਨਾ ਕੀਤੀ ਹੈ। ਉਨ੍ਹਾਂ ਅਨੁਸਾਰ :*

(i) *ਪਦਾਰਥਕ ਅਤੇ ਅਪਦਾਰਥਕ ਸਭਿਆਚਾਰ ਵਿਚ ਕੋਈ ਵਿਗਿਆਨਕ ਵਖਰੇਵਾਂ ਨਹੀਂ ਕੀਤਾ ਜਾ ਸਕਦਾ।* ***ਡੈਵਿਸ*** (Davis) *ਦਾ ਮੰਨਣਾ ਹੈ ਕਿ ਸਭਿਆਚਾਰ ਦੀ ਪਦਾਰਥਕ ਅਤੇ ਅਪਦਾਰਥਕ ਹਿੱਸਿਆਂ ਵਿਚ ਵੰਡ ਮੁਮਕਿਨ ਨਹੀਂ ਅਤੇ ਨਾ ਹੀ ਇਹ ਵੰਡ ਸਾਨੂੰ ਤਕਨੀਕ ਦੀ ਤਾਸੀਰ ਸਮਝਣ ਲਈ ਸਹਾਈ ਹੋ ਸਕਦੀ ਹੈ।* (The aspect of culture cannot be divided into material and non-material and that this distinction in no way helps us to understand the nature of technology – Davis)

(ii). *ਪਦਾਰਥਕ ਸਭਿਆਚਾਰ ਵਿਚ ਤਬਦੀਲੀ ਜ਼ਰੂਰੀ ਨਹੀਂ ਕਿ ਹਮੇਸ਼ਾਂ ਹੀ ਅਪਦਾਰਥਕ ਸਭਿਆਚਾਰ ਤੋਂ ਪਹਿਲਾਂ ਆਵੇ।*

(iii) *ਲੈਗ ਸ਼ਬਦ ਢੁਕਵਾਂ ਨਹੀਂ :* ***ਮੈਕਾਈਵਰ*** *ਦਾ ਮੰਨਣਾ ਹੈ ਕਿ ਤਕਨੀਕੀ ਕਾਰਕ ਅਤੇ ਸਭਿਆਚਾਰਕ ਢਾਂਚੇ ਵਿਚਕਾਰ ਸਬੰਧਾਂ ਨੂੰ ਦਰਸਾਉਣ ਲਈ ਲੈਗ ਜਾਂ ਖੱਪੇ ਦਾ ਸ਼ਬਦ ਢੁਕਵਾਂ ਨਹੀਂ ਬਲਕਿ* ***ਮੈਕਾਈਵਰ*** *ਨੇ ਤਕਨੀਕੀ ਪ੍ਰਤਿਬੰਧ* (technological restraint), *ਸਭਿਆਚਾਰਕ ਵਿਰੋਧਤਾ* (cultural conflict) *ਅਤੇ ਸਭਿਆਚਾਰਕ ਅਸਪਸ਼ਟਤਾ* (cultural ambivalence) *ਵਰਗੇ ਸ਼ਬਦਾਂ ਦਾ ਸਭਿਆਚਾਰ ਦੇ ਵਖੋ-ਵੱਖ ਭਾਗਾਂ ਵਿਚ ਹੋਣ ਵਾਲੇ ਬਦਲਾਓ ਲਈ ਇਸਤੇਮਾਲ ਕੀਤਾ।*

(iv) ***ਸਦਰਲੈਂਡ*** *ਅਤੇ* ***ਵੁਡਵਰਡ*** (Sutherland and Woodward) *ਦਾ ਕਹਿਣਾ ਹੈ ਕਿ ਔਗਬਰਨ ਨੇ ਸਭਿਆਚਾਰਕ ਪਛੜੇਵੇਂ ਨੂੰ ਬਹੁਤ ਹੀ ਸਧਾਰਣ ਕਰਕੇ ਦਰਸਾਇਆ ਹੈ। ਸਮਾਜਿਕ ਪਰਿਵਰਤਨ ਇਕ ਬਹੁਤ ਹੀ ਗੁੰਝਲਦਾਰ ਪਰਪੰਚ ਹੈ ਇਸ ਨੂੰ ਸਿਰਫ ਇਹ ਕਹਿ ਕੇ ਬਿਆਨ ਨਹੀਂ ਕੀਤਾ ਜਾ ਸਕਦਾ ਕਿ ਇਹ ਪਦਾਰਥਕ ਅਤੇ ਅਪਦਾਰਥਕ ਸਭਿਆਚਾਰ ਵਿਚ ਆਉਣ ਵਾਲੀ ਤਬਦੀਲੀ ਹੈ।*

(v) *ਇਹ ਕੋਈ ਸਰਵਵਿਆਪੀ ਸਿਧਾਂਤ ਨਹੀਂ ਅਤੇ ਨਾ ਹੀ ਹਰੇਕ ਸਮੇਂ ਵਿਚ ਵਾਪਰਨ ਵਾਲੀ ਘਟਨਾ ਹੈ ਕਿਉਂਕਿ ਪੁਰਾਣੇ ਸਮਿਆਂ ਵਿਚ ਕਿਸੇ ਵੀ ਪਰਪੰਚ ਵਿਚ ਐਨੀ ਤੇਜ਼ੀ ਨਾਲ ਅਤੇ ਐਨੀ ਮਾਤਰਾ ਵਿਚ ਬਦਲਾਓ ਜਾਂ ਪਰਿਵਰਤਨ ਨਹੀਂ ਸੀ ਆਉਂਦਾ ਇਹ ਤਾਂ ਸਿਰਫ਼ ਅਜੋਕੇ ਸਮੇਂ ਦੀ ਦੇਣ ਹੈ।*

(iv) ***ਔਗਬਰਨ*** *ਨੇ ਕੋਈ ਵੀ ਇਸ ਤਰ੍ਹਾਂ ਦਾ ਸਕੇਲ ਨਹੀਂ ਦਿੱਤਾ ਜੋ ਇਸ ਸਭਿਆਚਾਰਕ ਪਛੜੇਵੇਂ ਦਾ ਮਾਪ ਦੰਡ ਕਰ ਸਕੇ ਅਤੇ ਪਤਾ ਲਗਾ ਸਕੇ ਕਿ ਕੀ ਸਚਮੁੱਚ ਪਦਾਰਥਕ ਸਭਿਆਚਾਰ ਅਪਦਾਰਥਕ ਸਭਿਆਚਾਰ ਤੋਂ ਵੱਧ ਤੇਜ਼ੀ ਨਾਲ ਬਦਲਦੀ ਹੈ।*

*ਉਪਰਲੀ ਆਲੋਚਨਾ ਦੇ ਬਾਵਜੂਦ ਵੀ ਇਹ ਕਿਹਾ ਜਾ ਸਕਦਾ ਹੈ ਕਿ ਔਗਬਰਨ ਦੇ ਸਭਿਆਚਾਰਕ ਪਛੜੇਵੇਂ ਦਾ ਸੰਕਲਪ ਆਧੁਨਿਕ ਸਮਾਜ ਲਈ ਬਹੁਤ ਮਹੱਤਤਾ ਵਾਲਾ ਹੈ ਕਿਉਂਕਿ ਸਭਿਆਚਾਰ ਕੋਈ ਸਥਾਈ ਚੀਜ਼ ਨਹੀਂ ਇਹ ਤਾਂ ਹਮੇਸ਼ਾਂ ਹੀ ਵਹਾਓ ਵਿਚ ਰਹਿੰਦੀ ਹੈ। ਇਸ ਲਈ ਨਹੀਂ ਕਿ ਸਭਿਆਤਾਵਾਂ ਵਿਚ ਪਰਿਵਰਤਨ ਆਉਂਦਾ ਹੈ ਬਲਕਿ ਇਸ ਲਈ ਕਿ ਬਦਲਾਓ ਦਾ ਤੱਤ ਇਸ ਦੇ ਅੰਦਰ* (inherent) *ਹੀ ਹੈ।*

### *12.7 ਸਾਰ*

*ਉਪਰੋਕਤ ਚਰਚਾ ਤੋਂ ਅਸੀ ਇਸ ਸਿੱਟੇ ਤੇ ਪਹੁੰਚਦੇ ਹਾਂ ਕਿ ਪਰਿਵਰਤਨ ਕੁਦਰਤ ਦਾ ਨਿਯਮ ਹੈ ਅਤੇ ਇਸ ਨਿਯਮ ਦੇ ਅਨੁਸਾਰ ਸੰਸਾਰ ਦੀ ਹਰੇਕ ਵਸਤੂ ਅੰਦਰ ਬਦਲਾਓ ਆਉਣਾ ਲਾਜ਼ਮੀ ਹੈ। ਇਸੇ ਤਰੀਕੇ ਅਨੁਸਾਰ ਸਾਡੀ ਪਦਾਰਥਕ ਅਤੇ ਅਪਦਾਰਥਕ ਸਭਿਆਚਾਰ ਵੀ ਬਦਲਦੀ ਹੈ। ਪਰੰਤੂ ਪਦਾਰਥਥ ਸਭਿਆਚਾਰ ਵਿਚ ਬਹੁਤ ਤੇਜ਼ੀ ਨਾਲ ਪਰਿਵਰਤਨ ਆਉਂਦਾ ਹੈ ਜਦੋਂ ਕਿ ਅਪਦਾਰਥਕ ਸਭਿਆਚਾਰ ਦੇ ਬਦਲਾਓ ਦੀ ਰਫਤਾਰ ਕਾਫ਼ੀ ਮੱਧਮ ਹੁੰਦੀ ਹੈ। ਸਾਡੀ ਸੋਚ ਅਤੇ ਵਿਚਾਰਾਂ ਵਿਚ ਬਹੁਤ ਤੇਜ਼ੀ ਨਾਲ ਪਰਿਵਰਤਨ ਨਹੀਂ ਆਉਂਦਾ। ਜਿਸ ਸਦਕਾ ਇਨ੍ਹਾਂ ਦੋਵਾਂ ਸਭਿਆਚਾਰਆਂ ਵਿਚ ਇਕ ਖੱਪਾ ਜਿਹਾ ਪੈਦਾ ਹੋ ਜਾਂਦਾ ਹੈ ਜਿਸਨੂੰ ਅਸੀਂ ਸਭਿਆਚਾਰਕ ਪਛੜੇਵੇਂ ਦੇ ਨਾ ਨਾਲ ਜਾਣਦੇ ਹਾਂ। ਮੌਜੂਦਾ ਸਮਾਜ ਵਿਚ ਇਹ ਸੰਕਲਪ ਬਹੁਤ ਹੀ ਮਹੱਤਵ ਰੱਖਦਾ ਹੈ ਕਿਉਂਕਿ ਸਾਡੀ ਪਦਾਰਥਕ ਸਭਿਆਚਾਰ ਬਹੁਤ ਹੀ ਤੇਜ਼ ਰਫ਼ਤਾਰ ਨਾਲ ਬਦਲ ਰਹੀ ਹੈ ਅਤੇ ਸਾਡੀ ਵਿਚਾਰਧਾਰਾ ਪੁਰਾਤਨ ਹੀ ਹੈ ਜਿਸ ਵਿਚ ਪਰਿਵਰਤਨ ਦੀ ਗਤੀ ਐਨੀ ਤੇਜ਼ ਨਹੀਂ। ਇਹ ਸਭਿਆਚਾਰਕ ਪਛੜੇਵਾਂ ਅਮਰੀਕਾ ਵਰਗੇ ਸਰਵ ਸ੍ਰੇਸ਼ਟ ਸਮਾਜ ਵਿਚ ਹੀ ਪਾਇਆ ਜਾਂਦਾ ਹੈ ਭਾਵ ਇਹ ਸਰਵ-ਵਿਆਪਕ* (universal) *ਹੈ। ਇਹ ਪਛੜੇ ਦੇਸ਼ਾਂ ਤੱਕ ਹੀ ਸੀਮਿਤ ਨਹੀ। ਹਾਂ ਕਈ ਸਮਾਜਾਂ ਵਿਚ ਇਹ ਖੱਪਾ ਜ਼ਿਆਦਾ ਹੈ ਅਤੇ ਕਈਆਂ ਵਿਚ ਘੱਟ।*

### *2.4.8 ਮੁੱਖ ਸ਼ਬਦ*

***ਸਭਿਆਚਾਰਕ ਪਛੜੇਵਾਂ*** : *ਅਪਦਾਰਥਕ ਸਭਿਆਚਾਰ ਦੇ ਮੁਕਾਬਲੇ ਪਦਾਰਥਕ ਸਭਿਆਚਾਰ ਬਹੁਤ ਤੇਜ਼ੀ ਨਾਲ ਬਦਲਦੀ ਹੈ ਜਿਸਦੇ ਫਲਸਰੂਪ ਦੋਵਾਂ ਵਿਚ ਖਿਚੋਤਾਣ ਜਾਂ ਤਣਾਉ ਪੈਦਾ ਹੋ ਜਾਂਦਾ ਹੈ ਜਿਸਨੂੰ ਸੰਸਕ੍ਰਿਤਕ ਪਛੜੇਵਾਂ ਕਹਿੰਦੇ ਹਨ।*

***ਸਭਿਆਚਾਰ*** : *ਸਾਡਾ ਰਹਿਣ ਸਹਿਣ, ਖਾਣਪੀਣ, ਬੋਲ ਚਾਲ ਭਾਵ ਸਾਡਾ ਜਿਉਣ ਦਾ ਢੰਗ*

***ਪਦਾਰਥਕ ਸਭਿਆਚਾਰ***: *ਸਾਰੀਆਂ ਸਥੂਲ ਵਸਤਾਂ ਜਿਨਾਂ ਦੀ ਅਸੀ ਜ਼ਿੰਦਗੀ ਵਿਚ ਵਰਤੋਂ ਕਰਦੇ ਹਾਂ।*

***ਅਪਾਦਰਥਕ ਸਭਿਆਚਾਰ***: *ਜੋ ਪ੍ਰਤੱਖ ਨਹੀਂ ਜਿਸਨੂੰ ਸਿਰਫ਼ ਮਹਿਸੂਸ ਕੀਤਾ ਜਾ ਸਕਦਾ ਹੈ ਪਰ ਛੋਹਿਆ ਨਹੀਂ ਜਾ ਸਕਦਾ।*

**ਕਦਰਾਂ** : ਮਨੁੱਖੀ ਸਮਾਜ ਦੁਆਰਾਂ ਆਪਣੇ ਮੈਂਬਰਾਂ ਤੋਂ ਉਮੀਦ ਕੀਤਾ ਵਤੀਰਾ।

**ਕੀਮਤਾਂ** : ਸਮਾਜ ਦੀ ਮਨਜ਼ੂਰੀ ਪ੍ਰਾਪਤ ਇਛਾਵਾਂ ਤੇ ਉਦੇਸ਼ ਹਨ ਜਿਹਨਾ ਨੂੰ ਮੰਨਣਾ ਨਾ ਮੰਨਣਾਂ ਵਿਅਕਤੀ ਦੇ ਹੱਥ ਹੈ।

### 2.4.9 ਅਭਿਆਸ ਲਈ ਪ੍ਰਸ਼ਨ

**ਵੱਡੇ ਪ੍ਰਸ਼ਨ**

1. ਸਭਿਆਚਾਰਕ ਪਛੜੇਵੇਂ ਤੋਂ ਕੀ ਭਾਵ ਹੈ ? ਵਿਆਖਿਆ ਕਰੋ।
2. ਕੀ ਸਭਿਆਚਾਰਕ ਪਛੜੇਵਾਂ ਹਰ ਸਮਾਜ ਵਿਚ ਹੁੰਦਾ ਹੈ ? ਜੇਕਰ ਹਾਂ ਤਾਂ ਬਿਆਨ ਕਰੋ।
3. ਸਭਿਆਚਾਰਕ ਪਛੜੇਵਾਂ ਕੀ ਹੈ ? ਇਸ ਦੇ ਕੀ-ਕੀ ਕਾਰਨ ਹੋ ਸਕਦੇ ਹਨ ਵਿਆਖਿਆ ਕਰੋ ?

**ਸੰਖੇਪ ਪ੍ਰਸ਼ਨ**

(ੳ) ਸਭਿਆਚਾਰ

(ਅ) ਸਭਿਆਚਾਰਕ ਪਛੜੇਵਾਂ

(ੲ) ਪਦਾਰਥਕ ਸਭਿਆਚਾਰ

(ਸ) ਅਪਦਾਰਥਕ ਸੰਸਕ੍ਰਿਤ

(ਹ) ਕਦਰਾਂ-ਕੀਮਤਾਂ

### 2.4.10 ਉਪਯੋਗੀ ਪੁਸਤਕਾਂ

Ogburn and Nimkoff : Hand book of Sociology

Samuel Koening : Sociology : An Introduction

Maciver and Page : Society

ਪਾਠ ਨੰ: 2.5 ਲੇਖਕ : ਡਾ. ਹਰਿੰਦਰ ਕੌਰ

**Last Updated: August, 2023**

# ਸਭਿਆਚਾਰ ਅਤੇ ਸਭਿਅਤਾ
# (Culture and Civilisation)

ਰੂਪ ਰੇਖਾ


2.5.0 ਉਦੇਸ਼
2.5.1 ਜਾਣ-ਪਛਾਣ
2.5.2 ਸਭਿਅਤਾ ਦੀਆਂ ਪਰਿਭਾਸ਼ਾਵਾਂ
2.5.3 ਸਭਿਅਤਾ ਦੀਆਂ ਵਿਸ਼ੇਸ਼ਤਾਈਆਂ
2.5.3.1 ਸਭਿਆਚਾਰ ਦਾ ਭੌਤਿਕ ਪੱਖ
2.5.3.2 ਸਭਿਅਤਾ ਲੋੜਾਂ ਪੂਰਾ ਕਰਨ ਦਾ ਸਾਧਨ ਹੈ
2.5.3.3 ਸਭਿਅਤਾ ਦਾ ਆਧਾਰ ਉਪਯੋਗਤਾ ਹੈ
2.5.3.4 ਸਭਿਅਤਾ ਬਦਲਦੀ ਰਹਿੰਦੀ ਹੈ
2.5.4 ਸਭਿਅਤਾ ਅਤੇ ਸਭਿਆਚਾਰ ਵਿਚ ਅੰਤਰ
2.5.4.1 ਨਿਸ਼ਚਿਤ ਮਾਪਦੰਡ
2.5.4.2 ਉਨੱਤੀਸ਼ੀਲ
2.5.4.3 ਸੰਚਾਰ
2.5.4.4 ਬਿਨਾਂ ਪਰਿਵਰਤਨ ਜਾਂ ਹਾਨੀ ਗ੍ਰਹਿਣ ਕਰਨਾ
2.5.4.5 ਮੂਰਤ ਅਤੇ ਅਮੂਰਤ
2.5.5 ਸਾਰ
2.5.6 ਮੁੱਖ ਸ਼ਬਦ
2.5.7 ਅਭਿਆਸ ਲਈ ਪ੍ਰਸ਼ਨ
2.5.8 ਉਪਯੋਗੀ ਪੁਸਤਕਾਂ


## 2.5.0 ਉਦੇਸ਼

* ਇਸ ਪਾਠ ਨੂੰ ਪੜ੍ਹਨ ਉਪਰੰਤ ਤੁਹਾਨੂੰ ਸਭਿਅਤਾ ਦੇ ਸੰਕਲਪ ਦੀ ਜਾਣਕਾਰੀ ਹਾਸਿਲ ਹੋਵੇਗੀ।
* ਤੁਸੀਂ ਵੱਖ-ਵੱਖ ਵਿਗਿਆਨੀਆਂ ਦੁਆਰਾ ਦਿੱਤੀਆਂ ਸਭਿਅਤਾ ਦੀਆਂ ਪਰਿਭਾਸ਼ਾਵਾਂ ਅਤੇ ਇਸ ਦੀਆਂ ਵਿਸ਼ੇਸ਼ਤਾਈਆਂ ਦਾ ਗਿਆਨ ਹਾਸਿਲ ਕਰ ਸਕੋਗੇ।
* ਤੁਸੀਂ ਸਭਿਆਚਾਰ ਅਤੇ ਸਭਿਅਤਾ ਵਿਚਕਾਰ ਭੇਦ ਕਰਨ ਦੇ ਯੋਗ ਹੋਵੇਗੇ।

## 2.5.1 ਜਾਣ ਪਛਾਣ

ਪਿਛਲੇ ਪਾਠ ਵਿਚ ਅਸੀਂ ਸਭਿਆਚਾਰ ਦੇ ਸੰਕਲਪ ਨੂੰ ਬਹੁਤ ਵਿਸਥਾਰ ਨਾਲ ਬਿਆਨ ਕਰ ਚੁੱਕੇ ਹਾਂ ਫਿਰ ਵੀ

*ਸਭਿਅਤਾ ਨੂੰ ਵਰਨਣ ਕਰਨ ਤੋਂ ਪਹਿਲਾਂ ਸਭਿਆਚਾਰ ਨੂੰ ਸਪਸ਼ਟ ਰੂਪ ਵਿਚ ਜਾਣ ਲਈਏ ਤਾਂ ਚੰਗਾ ਹੈ ਸਭਿਆਚਾਰ ਮਨੁੱਖ ਦੀ ਸਮਾਜਿਕ ਵਿਰਾਸਤ ਹੈ ਜਿਸਨੂੰ ਉਹ ਸਮਾਜ ਦਾ ਮੈਂਬਰ ਹੋਣ ਦੇ ਨਾਤੇ ਤੋਹਫੇ ਵਜੋਂ ਪ੍ਰਾਪਤ ਕਰਦਾ ਹੈ। ਇਹ ਸਾਡੇ ਜਿਉਣ ਦਾ ਢੰਗ ਹੈ ਜਿਸ ਵਿਚ ਸਾਡੀਆਂ ਕਦਰਾਂ ਕੀਮਤਾਂ, ਨੈਤਿਕ ਨਿਯਮ, ਕਾਨੂੰਨ, ਪ੍ਰਥਾ, ਵਿਸ਼ਵਾਸ, ਕਲਾ ਅਤੇ ਸਾਡਾ ਗਿਆਨ ਆਦਿ ਸ਼ਾਮਿਲ ਹੁੰਦੇ ਹਨ। ਸਭਿਆਚਾਰ ਅਤੇ ਸਭਿਅਤਾ ਦੋ ਅਜਿਹੀਆਂ ਧਾਰਨਾਵਾਂ ਹਨ ਜਿਨ੍ਹਾਂ ਨੂੰ ਅਕਸਰ ਇਕੋ ਹੀ ਅਰਥ ਦਿੱਤਾ ਜਾਂਦਾ ਹੈ। ਬੇਸ਼ਕ ਇਨ੍ਹਾਂ ਵਿਚ ਭੇਦ ਕਰਨਾ ਥੋੜ੍ਹਾ ਮੁਸ਼ਕਿਲ ਹੈ ਪ੍ਰੰਤੂ ਇਨ੍ਹਾਂ ਦੋਵਾਂ ਨੂੰ ਇਕ ਸਮਝਣਾ ਸਹੀਂ ਨਹੀਂ। ਬਹੁਤ ਸਾਰੇ ਸਮਾਜਿਕ ਮਾਨਵ ਵਿਗਿਆਨੀਆਂ ਨੇ ਸਭਿਅਤਾ ਸ਼ਬਦ ਦਾ ਇਸਤੇਮਾਲ ਕਰਨਾ ਬੰਦ ਕਰ ਦਿੱਤਾ ਹੈ ਉਹ ਸਿਰਫ ਸਭਿਆਚਾਰ ਸ਼ਬਦ ਨੂੰ ਹੀ ਪ੍ਰਯੋਗ ਕਰਦੇ ਹਨ। ਉਨ੍ਹਾਂ ਸਾਰੀਆਂ ਭੌਤਿਕ, ਉਪਯੋਗੀ ਵਸਤਾਂ, ਉਪਕਰਣ ਅਤੇ ਸੰਗਠਨ ਜਿਨ੍ਹਾਂ ਦਾ ਪ੍ਰਾਕ੍ਰਿਤਕ ਵਾਤਾਵਰਣ ਉਪਰ ਨਿਯੰਤਰਣ ਹੈ ਅਤੇ ਜਿਸਨੂੰ ਅਸੀਂ ਸਭਿਅਤਾ ਕਹਿੰਦੇ ਹਾਂ ਇਹ ਸਾਡੀ ਸਭਿਆਚਾਰ ਦਾ ਹੀ ਇਕ ਭਾਗ ਹਨ।*

*ਬਹੁਤ ਸਾਰੇ ਸਮਾਜ ਵਿਗਿਆਨੀ ਸਭਿਅਤਾ ਨੂੰ ਸਭਿਆਚਾਰ ਦਾ ਵਿਕਸਤ ਰੂਪ ਮੰਨਦੇ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਜਦੋਂ ਸਭਿਆਚਾਰ ਬਹੁਤ ਵਿਕਸਤ ਹੋ ਜਾਂਦੀ ਹੈ ਤੇ ਜਟਿਲ ਰੂਪ ਧਾਰਨ ਕਰ ਲੈਂਦੀ ਹੈ ਤਾਂ ਇਸ ਨੂੰ ਸਭਿਅਤਾ ਆਖਿਆ ਜਾਂਦਾ ਹੈ। ਕੁਝ ਵਿਗਿਆਨੀ ਸਭਿਅਤਾ ਦਾ ਅਰੰਭ ਧਾਤੂ ਦੀ ਖੋਜ ਨਾਲ ਹੋਇਆ ਸਮਝਦੇ ਹਨ। ਸਭਿਅਤਾ ਦੇ ਪੱਧਰ ਦੀ ਵੰਡ ਪੱਥਰ ਯੁਗ, ਤਾਂਬਾ ਯੁੱਗ, ਲੋਹ ਯੁੱਗ ਅਤੇ ਮੌਜੂਦਾ ਅਣੂ-ਯੁੱਗ ਕਹੀ ਜਾ ਸਕਦੀ ਹੈ। ਇਹ ਵੀ ਮੰਨਿਆ ਜਾਂਦਾ ਹੈ ਕਿ ਲਿਖਣ ਦੀ ਕਲਾ ਦੀ ਖੋਜ ਨਾਲ ਸਭਿਅਤਾ ਦੀ ਸ਼ੁਰੂਆਤ ਹੋਈ। ਸਮਾਜ ਵਿਗਿਆਨੀਆਂ ਵਿਚ ਸੱਭਿਅਤਾ ਦੀ ਪਰਿਭਾਸ਼ਾ ਦੇ ਸੰਬੰਧ ਵਿਚ ਮਤਭੇਦ ਹਨ ਕੁਝ ਵਿਚਾਰਕ ਇਸ ਨੂੰ ਸਭਿਆਚਾਰ ਦਾ ਵਿਕਸਤ ਰੂਪ ਮੰਨਦੇ ਹਨ ਅਤੇ ਕੁਝ ਭੌਤਿਕ ਸਭਿਆਚਾਰ ਜਾਂ ਵਸਤਾਂ ਨੂੰ ਸੱਭਿਅਤਾ ਆਖਦੇ ਹਨ। ਆਓ ਇਨ੍ਹਾਂ ਵਿਗਿਆਨੀਆਂ ਦੀਆਂ ਸੱਭਿਅਤਾ ਬਾਰੇ ਦਿੱਤਿਆਂ ਪਰਿਭਾਸ਼ਾਵਾਂ ਤੇ ਨਜ਼ਰ ਮਾਰੀਏ।*

### *2.5.2 ਪਰਿਭਾਸ਼ਾਵਾਂ*

***ਏ. ਡਬਲਿਊ ਗਰੀਨ*** *ਨੇ ਆਪਣੀ ਪੁਸਤਕ 'ਸੋਸ਼ਿਆਲੋਜੀ' ਵਿਚ ਲਿਖਿਆ ਹੈ ਕਿ, "ਸਭਿਆਚਾਰ ਉਸ ਸਮੇਂ ਸਭਿਅਤਾ ਬਣਦੀ ਹੈ ਜਦੋਂ ਉਸ ਕੋਲ ਲਿਖਤੀ ਭਾਸ਼ਾ, ਵਿਗਿਆਨ, ਦਰਸ਼ਨ, ਨਿਪੁੰਨਤਾ ਵਾਲੀ ਕਿਰਤ ਵੰਡ, ਜਟਿਲ ਤਕਨੀਕ ਅਤੇ ਰਾਜਨੈਤਿਕ ਪੱਧਤੀ ਹੋਵੇ।"*

***ਟੋਇਨਬੀ*** *ਅਨੁਸਾਰ, "ਸਭਿਅਤਾ ਲੋੜੀਂਦੇ ਰੂਪ ਵਿਚ ਇਕ ਧਾਰਮਿਕ ਅਤੇ ਨੈਤਿਕ ਪ੍ਰਣਾਲੀ ਹੈ ਜੋ ਰਾਜ ਜਾਂ ਰਾਸ਼ਟਰ ਨਾਲੋਂ ਵਿਸ਼ਾਲ ਖੇਤਰ ਵਿਚ ਪ੍ਰਚਲਿਤ ਹੈ।"*

***ਔਗਬਰਨ ਅਤੇ ਨਿਮਕੋਫ਼*** *ਨੇ ਆਪਣੀ ਪੁਸਤਕ ਹੈਂਡਬੁੱਕ ਆਫ਼ ਸੋਸ਼ਿਆਲੋਜੀ ਵਿਚ ਸਭਿੱਅਤਾ ਦੀ ਪਰਿਭਾਸ਼ਾ ਪਰਾਜੈਵਿਕ* (Super-organic) *ਸਭਿਆਚਾਰ ਦੇ ਬਾਅਦ ਦੀ ਅਵੱਸਥਾ ਦੇ ਰੂਪ ਵਿਚ ਦਿੱਤੀ ਹੈ।*

***ਵੇਬਰ*** *ਦਾ ਵਿਚਾਰ ਹੈ ਕਿ ਸੱਭਿਅਤਾ ਵਿਚ ਉਪਯੋਗੀ ਭੌਤਿਕ ਪਦਾਰਥ ਅਤੇ ਉਸਨੂੰ ਨਿਰਮਾਣ ਕਰਨ ਦੀਆਂ ਵਿਧੀਆਂ ਸ਼ਾਮਿਲ ਹੁੰਦੀਆਂ ਹਨ।*

***ਗਿਲਿਨ ਅਤੇ ਗਿਲਿਨ*** *ਦਾ ਮੰਨਣਾ ਹੈ ਕਿ "ਸਭਿਆਚਾਰ ਦੇ ਅਧਿਕ ਜਟਿਲ ਅਤੇ ਵਿਕਸਤ ਰੂਪ ਨੂੰ ਹੀ ਸਭਿਅਤਾ ਕਹਿੰਦੇ ਹਨ।"*

***ਅਗਸਤ ਕੌਂਤ*** *ਅਨੁਸਾਰ, "ਸਭਿਅਤਾ ਦਾ ਸੰਬੰਧ ਮੂਰਤ ਤੇ ਵੇਖਣ ਯੋਗ ਵਸਤਾਂ ਤੋਂ ਹੈ।"*

***ਮੈਕਾਈਵਰ ਅਤੇ ਪੇਜ਼*** *ਨੇ ਸਭਿਅਤਾ ਦੀ ਪਰਿਭਾਸ਼ਾ ਇਸ ਤਰ੍ਹਾਂ ਦਿੱਤੀ ਹੈ ਕਿ, "ਸਭਿਅਤਾ ਦਾ ਅਰਥ ਉਸ ਸਮੁੱਚੀ ਯੰਤਰ-ਪੱਧਤੀ ਅਤੇ ਸੰਗਠਨ ਤੋਂ ਹੈ ਜਿਸ ਦਾ ਮਨੁੱਖ ਨੇ ਆਪਣੇ ਜੀਵਨ ਦੀਆਂ ਪਰਸਥਿਤੀਆਂ ਉੱਤੇ ਨਿਯੰਤਰਣ ਕਰਨ ਦੇ ਵਿਚ ਅਵਿਸ਼ਕਾਰ ਕੀਤਾ।"*

*ਉਨ੍ਹਾਂ ਦਾ ਮੰਨਣਾ ਹੈ ਕਿ ਸੱਭਿਅਤਾ ਲੋੜਾਂ ਪੂਰਾ ਕਰਨ ਦਾ ਸਾਧਾਨ ਹੈ। ਸੱਭਿਅਤਾ ਵਿਚ ਉਹ ਚੀਜ਼ਾਂ ਆਉਂਦੀਆਂ ਹਨ ਜਿਨ੍ਹਾਂ ਨਾਲ ਕੋਈ ਹੋਰ ਉਦੇਸ਼ ਪੂਰਾ ਕੀਤਾ ਜਾਂਦਾ ਹੈ। ਮੈਕਾਈਵਰ ਅਤੇ ਪੇਜ਼ ਨੇ ਮਾਨਵ-ਨਿਰਮਿਤ ਭੌਤਿਕ ਵਸਤਾਂ ਜਿਵੇਂ ਤਕਨੀਕ ਨੂੰ ਸਭਿਅਤਾ ਅਤੇ ਮਾਨਵ-ਨਿਰਮਿਤ ਅਭੌਤਿਕ ਵਸਤਾਂ ਵਿਚ ਧਰਮ, ਕਲਾ, ਗਿਆਨ ਆਦਿ ਨੂੰ ਸਭਿਆਚਾਰ ਕਿਹਾ ਹੈ।*

*ਉਪਰੋਕਤ ਪਰਿਭਾਸ਼ਾਵਾਂ ਦੇ ਵਿਸ਼ਲੇਸ਼ਣ ਤੋਂ ਬਾਅਦ ਇਹ ਕਿਹਾ ਜਾ ਸਕਦਾ ਹੈ ਕਿ ਕਈ ਸਮਾਜ ਵਿਗਿਆਨੀ ਸੱਭਿਅਤਾ ਨੂੰ ਸਭਿਆਚਾਰ ਦਾ ਵਿਕਸਤ ਰੂਪ ਜਾਂ ਉੱਚਾ ਸੱਤਰ ਮੰਨਦੇ ਹਨ ਅਤੇ ਕੁਝ ਇਸ ਨੂੰ ਭੌਤਿਕ ਵਸਤਾਂ ਨਾਲ ਜੋੜਦੇ ਹਨ ਜਿਨ੍ਹਾਂ ਦਾ ਨਿਰਮਾਣ ਵਿਅਕਤੀ ਨੇ ਆਪਣੇ ਜੀਵਨ ਦੀਆਂ ਪਰਸਥਿਤੀਆਂ ਉੱਤੇ ਕਾਬੂ ਪਾਉਣ ਲਈ ਕੀਤਾ। ਇਨ੍ਹਾਂ ਪਰਿਭਾਸ਼ਾਵਾਂ ਦੇ ਨਿਚੋੜ ਤੋਂ ਸਭਿਅਤਾ ਦੀਆਂ ਹੇਠ ਲਿਖੀਆਂ ਵਿਸ਼ੇਸ਼ਤਾਈਆਂ ਉੱਭਰ ਕੇ ਸਾਹਮਣੇ ਆਉਂਦੀਆਂ ਹਨ :*

### *2.5.3 ਵਿਸ਼ੇਸ਼ਤਾਈਆਂ*

***2.5.3.1 ਇਹ ਸਭਿਆਚਾਰ ਦਾ ਭੌਤਿਕ ਪੱਖ ਹੈ :*** *ਸਮਾਜ ਵਿਗਿਆਨੀਆਂ ਨੇ ਸਮੁੱਚੀ ਸਭਿਆਚਾਰ ਨੂੰ ਦੋ ਭਾਗਾਂ ਵਿਚ ਵੰਡਿਆ ਹੈ। ਪਦਾਰਥਕ ਜਾਂ ਭੌਤਿਕ ਅਤੇ ਅਪਦਾਰਥਕ ਜਾਂ ਅਭੌਤਿਕ। ਸਭਿਆਚਾਰ ਦੇ ਭੌਤਿਕ ਪੱਖ ਨੂੰ ਸਭਿਅਤਾ ਕਿਹਾ ਜਾਂਦਾ ਹੈ। ਸਭਿਅਤਾ ਨੂੰ ਅਕਸਰ ਸਭਿਆਚਾਰ ਦਾ ਵਾਹਨ ਮੰਨਿਆ ਜਾਂਦਾ ਹੈ ਕਿਉਂਕਿ ਤਕਨੀਕੀ ਸਾਧਨਾਂ ਨਾਲ ਹੀ ਸਭਿਆਚਾਰ ਦਾ ਪ੍ਰਸਾਰ ਹੁੰਦਾ ਹੈ (ਜਿਵੇਂ ਰੇਡੀਓ)*

***2.5.3.2 ਸਭਿਅਤਾ ਲੋੜਾਂ ਪੂਰਾ ਕਰਨ ਦਾ ਸਾਧਨ ਹੈ :*** *ਉਹ ਸਾਰੀਆਂ ਵਸਤਾਂ ਜਿਨ੍ਹਾਂ ਦਾ ਨਿਰਮਾਣ ਵਿਅਕਤੀ ਆਪਣੀਆਂ ਲੋੜਾਂ ਨੂੰ ਪੂਰਾ ਕਰਨ ਲਈ ਕਰਦਾ ਹੈ ਉਨ੍ਹਾਂ ਨੂੰ ਸਭਿਅਤਾ ਵਿਚ ਸ਼ਾਮਿਲ ਕੀਤਾ ਜਾਂਦਾ ਹੈ। ਇਨ੍ਹਾਂ ਉਪਰਕਣਾਂ ਦੇ ਅਵਿਸ਼ਕਾਰ ਨਾਲ ਉਹ ਆਪਣੇ ਚੌਗਿਰਦੇ ਤੇ ਕਾਬੂ ਕਰਨ ਦਾ ਯਤਨ ਕਰਦਾ ਹੈ।*

***2.5.3.3 ਸਭਿਅਤਾ ਦਾ ਆਧਾਰ ਉਪਯੋਗਤਾ ਹੈ :*** *ਜਿਨ੍ਹਾਂ ਉਪਕਰਨਾਂ, ਯੰਤਰਾਂ ਜਾਂ ਤਕਨੀਕ ਦਾ ਨਿਰਮਾਣ ਵਿਅਕਤੀ ਨੇ ਆਪਣੀਆਂ ਪਰਸਿਥਤੀਆਂ ਤੇ ਨਿਯੰਤਰਣ ਪਾਉਣ ਲਈ ਕੀਤਾ ਅਤੇ ਉਨ੍ਹਾਂ ਦੀ ਉਪਯੋਗਤਾ ਨੂੰ ਪਰਖਿਆ ਉਹ ਸਾਡੇ ਲਈ ਉਪਯੋਗੀ ਸਿੱਧ ਹੋਈਆਂ। ਇਸ ਲਈ ਕਿਹਾ ਜਾ ਸਕਦਾ ਹੈ ਕਿ ਭੌਤਿਕ ਵਸਤਾਂ ਦੇ ਨਿਰਮਾਣ ਦਾ ਆਧਾਰ ਉਪਭੋਗਤਾ ਹੈ।*

***2.5.3.4 ਸਭਿਅਤਾ ਬਦਲਦੀ ਰਹਿੰਦੀ ਹੈ :*** *ਨਵੀਂ ਤਕਨੀਕ ਅਤੇ ਨਵੀਆਂ ਕਾਢਾਂ ਨਾਲ ਜੀਵਨ ਦੇ ਅਨੇਕ ਪਹਿਲੂਆਂ ਵਿਚ ਤਬਦੀਲੀ ਆਉਂਦੀ ਹੈ ਜਿਸ ਨਾਲ ਸਾਡੀ ਸਭਿਅਤਾ ਦਾ ਰੂਪ ਵੀ ਬਦਲਦਾ ਰਹਿੰਦਾ ਹੈ। ਜਾਂ ਦੂਸਰੇ ਸ਼ਬਦਾਂ ਵਿਚ ਅਸੀਂ ਕਹਿ ਸਕਦੇ ਹਾਂ ਕਿ ਸਭਿਅਤਾ ਦਾ ਵਿਕਾਸ ਹੁੰਦਾ ਰਹਿੰਦਾ ਹੈ ਜਿਵੇਂ ਪੱਥਰ ਯੁੱਗ ਤੋਂ ਲੈ ਕੇ ਮੌਜੂਦਾ ਅਣੂ-ਯੁੱਗ ਤੱਕ ਸਭਿਅਤਾ ਦਾ ਵਿਕਸਾ ਹੋਇਆ ਅਤੇ ਇਸ ਵਿਚ ਤਬਦੀਲੀ ਆਈ।*

*ਉਪਰ ਦਿੱਤੀਆਂ ਪਰਿਭਾਸ਼ਾਵਾਂ ਤੇ ਵਿਸ਼ੇਸ਼ਤਾਈਆਂ ਤੋਂ ਸਪਸ਼ਟ ਹੈ ਕਿ ਸਾਡੀਆਂ ਲੋੜਾਂ ਨੂੰ ਪੂਰਾ ਕਰਲ ਵਾਲੇ ਸਾਧਨਾਂ ਨੂੰ ਸਭਿਅਤਾ ਅਤੇ ਸਾਨੂੰ ਆਨੰਦ ਤੇ ਸੰਤੋਸ਼ ਦੇਣ ਵਾਲੀਆਂ ਵਸਤਾਂ ਜਿਵੇਂ ਧਰਮ ਕਲਾ ਆਦਿ ਨੂੰ ਸਭਿਆਚਾਰ ਵਿਚ ਸ਼ਾਮਿਲ ਕੀਤਾ ਜਾਂਦਾ ਹੈ। ਆਉ ਇਨ੍ਹਾਂ ਦੋਵਾਂ ਦੇ ਮੁੱਖ ਅੰਤਰ ਜਾਣੀਏ।*

### *2.5.4 ਸਭਿਆਚਾਰ ਅਤੇ ਸੱਭਿਅਤਾ ਵਿਚ ਮੁੱਖ ਭੇਦ :*

***2.5.4.1 ਨਿਸ਼ਚਿਤ ਮਾਪਦੰਡ :*** *ਸੱਭਿਅਤਾ ਨੂੰ ਮਾਪਣ ਦਾ ਇਕ ਨਿਸ਼ਚਿਤ ਮਾਪਦੰਡ ਹੁੰਦਾ ਹੈ ਪ੍ਰੰਤੂ ਸਭਿਆਚਾਰ ਦਾ ਨਹੀਂ। ਸਭਿਅਤਾ ਦੀ ਤਰ੍ਹਾਂ ਸਭਿਆਚਾਰ ਦਾ ਕੋਈ ਗੁਣਾਤਮਕ ਜਾਂ ਸੰਖਿਆਤਮਕ ਮਾਪਦੰਡ ਨਹੀਂ ਕਿਉਂਕਿ ਸਭਿਆਚਾਰ*

*ਇਕ ਲੱਖਸ਼ ਜਾਂ ਟੀਚਾ ਹੈ ਅਤੇ ਸਭਿਅਤਾ ਇਕ ਸਾਧਨ ਹੈ। ਸਭਿਅਤਾ ਨੂੰ ਵਿਸ਼ੇਸ਼ਤਾ ਦੇ ਆਧਾਰ ਤੇ ਤਰਕਸ਼ੀਲ ਦ੍ਰਿਸ਼ਟੀਕੋਣ ਨਾਲ ਮਾਪਿਆ ਜਾ ਸਕਦਾ ਹੈ ਜਿਵੇਂ ਸਾਈਕਲ ਤੇ ਕਾਰ-ਕੌਣ ਸ੍ਰੇਸ਼ਟ ਹੈ? ਪ੍ਰੰਤੂ ਸਭਿਆਚਾਰ ਦੀ ਸ੍ਰੇਸ਼ਠਤਾ ਅਤੇ ਹੀਨਤਾ ਨੂੰ ਕਿਸੇ ਮਾਪਦੰਡ ਜਾਂ ਯੰਤਰ ਨਾਲ ਨਹੀਂ ਮਾਪਿਆ ਜਾ ਸਕਦਾ ਕਿਉਂਕਿ ਇਹ ਨਹੀਂ ਕਿਹਾ ਜਾ ਸਕਦਾ ਕਿ ਅੱਜ ਦੀ ਕਲਾ, ਸਾਹਿਤ, ਆਦਰਸ਼-ਵਿਚਾਰ ਪਹਿਲਾ ਤੋਂ ਉੱਚੇ ਹਨ।*

***2.5.4.2 ਉੱਨਤੀਸ਼ੀਲ*** *: ਸੱਭਿਅਤਾ ਹਮੇਸ਼ਾ ਉੱਨਤੀ ਕਰਦੀ ਹੈ ਜਦ ਕਿ ਸਭਿਆਚਾਰ ਬਾਰੇ ਅਜਿਹਾ ਨਹੀਂ ਕਿਹਾ ਜਾ ਸਕਦਾ। ਮੈਕਾਈਵਰ ਨੇ ਆਪਣੀ ਪੁਸਤਕ 'ਸੁਸਾਇਟੀ' ਵਿਚ ਲਿਖਿਆ ਹੈ ਕਿ, "ਸਭਿਅਤਾ ਨਾ ਸਿਰਫ਼ ਉੱਨਤੀ ਕਰਦੀ ਹੈ ਸਗੋਂ ਹਮੇਸ਼ਾਂ ਉੱਨਤੀਸ਼ੀਲ ਰਹਿੰਦੀ ਹੈ, ਬਸ਼ਰਤੇ ਕਿ ਸਮਾਜਿਕ ਨਿਯੰਤਰਣ ਵਿਚ, ਉਸੇ ਦਿਸ਼ਾ ਵਿਚ ਕੋਈ ਮੁਸੀਬਤ ਵਾਲੀ ਰੁਕਾਵਟ ਨਾ ਹੋਵੇ।" ਸਭਿਅਤਾ ਦਾ ਵਿਕਾਸ ਇਕ ਰੇਖੀ ਦਿਸ਼ਾ ਵਿਚ ਹੁੰਦਾ ਰਹਿੰਦਾ ਹੈ। ਇਸ ਦੇ ਉਲਟ ਸਭਿਆਚਾਰ ਵਿਚ ਹੋਣ ਵਾਲੇ ਪਰਿਵਰਤਨ ਤੇ ਉੱਨਤੀ ਨੂੰ ਨਹੀਂ ਕਿਹਾ ਜਾ ਸਕਦਾ ਕਿ ਇਹ ਪਰਿਵਰਤਨ ਉੱਨਤਸ਼ੀਲ ਹੈ ਜਾਂ ਨਹੀਂ?*

***2.5.4.3 ਸੰਚਾਰ*** *: ਸੱਭਿਅਤਾ ਦਾ ਸੰਚਾਰ ਬਿਨਾਂ ਕਿਸੇ ਯਤਨ ਦੇ ਹੁੰਦਾ ਹੈ ਪ੍ਰੰਤੂ ਸਭਿਆਚਾਰ ਜਾ ਨਹੀਂ। ਜਿਨ੍ਹਾਂ ਚੀਜ਼ਾਂ ਨੂੰ ਸਭਿਅਤਾ ਵਿਚ ਸ਼ਾਮਿਲ ਕੀਤਾ ਜਾਂਦਾ ਹੈ ਜੋ ਵਿਅਕਤੀ ਦੇ ਬਾਹਰੀ ਜੀਵਨ ਨਾਲ ਸੰਬੰਧਤ ਹੁੰਦੀਆਂ ਹਨ ਅਤੇ ਉਪਯੋਗੀ ਹੁੰਦੀਆਂ ਹਨ ਉਨ੍ਹਾਂ ਦਾ ਪ੍ਰਸਾਰ ਦੂਸਰੇ ਦੇਸ਼ਾਂ ਵਿਚ ਜਾਂ ਇਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਆਸਾਨੀ ਨਾਲ ਕੀਤਾ ਜਾ ਸਕਦਾ ਹੈ। ਲੋਕ ਬਹੁਤ ਜਲਦੀ ਉਨ੍ਹਾਂ ਵਸਤਾਂ ਨੂੰ ਗ੍ਰਹਿਣ ਕਰਦੇ ਹਨ ਪਰੰਤੂ ਸਭਿਆਚਾਰ ਬਿਨਾਂ ਯਤਨ ਨਹੀਂ ਅਪਣਾਈ ਜਾ ਸਕਦੀ। ਸਭਿਆਚਾਰ ਗ੍ਰਹਿਣ ਕਰਨਾ ਵਿਅਕਤਿਤਵ ਅਤੇ ਪ੍ਰਕ੍ਰਿਤੀ ਤੇ ਨਿਰਭਰ ਕਰਦਾ ਹੈ। ਮੈਕਾਈਵਰ ਅਤੇ ਪੇਜ਼ ਅਨੁਸਾਰ "ਸਭਿਆਚਾਰ ਦੋ ਸਮਾਨ ਪ੍ਰਵ੍ਰਿਤੀ ਵਾਲਿਆਂ ਵਿਚ ਹੀ ਸੰਚਾਰਿਤ ਹੁੰਦੀ ਹੈ। ਕੋਈ ਵੀ ਕਲਾਕਾਰ ਦੇ ਗੁਣਾਂ ਤੋਂ ਸਖਣਾ ਕਲਾ ਦੀ ਸਰਾਹਨਾ ਨਹੀਂ ਕਰ ਸਕਦਾ ਅਤੇ ਸੰਗੀਤਕਾਰ ਦੇ ਕੰਨ ਤੋਂ ਬਿਨਾਂ ਕੋਈ ਸੰਗੀਤ ਦਾ ਆਨੰਦ ਨਹੀਂ ਮਾਣ ਸਕਦਾ।" ਆਮ ਤੌਰ ਤੇ ਸੱਭਿਅਤਾ ਦੀ ਅਜਿਹੀ ਕੋਈ ਮੰਗ ਨਹੀਂ।*

***2.5.4.4 ਬਿਨਾਂ ਪਰਿਵਰਤਨ ਜਾਂ ਹਾਨੀ ਗ੍ਰਹਿਣ ਕਰਨਾ*** *: ਸੱਭਿਅਤਾ ਨੂੰ ਬਿਨਾਂ ਕਿਸੇ ਪਰਿਵਰਤਨ ਜਾਂ ਹਾਨੀ ਦੇ ਗ੍ਰਹਿਣ ਕੀਤਾ ਜਾ ਸਕਦਾ ਹੈ ਪਰ ਸਭਿਆਚਾਰ ਨੂੰ ਨਹੀਂ। ਜਦੋਂ ਕੋਈ ਵੀ ਦੇਸ਼ ਜਾਂ ਨਵੀਂ ਪੀੜ੍ਹੀ ਸਭਿਅਤਾ ਨੂੰ ਅਪਣਾਉਂਦੀ ਹੈ ਤਾਂ ਉਹ ਬਿਨਾਂ ਕਿਸੇ ਹਾਨੀ ਜਾਂ ਪਰਿਵਰਤਨ ਦੇ ਜਿਉਂ ਦਾ ਤਿਉਂ ਇਸ ਨੂੰ ਗ੍ਰਹਿਣ ਕਰਦੀ ਹੈ ਪ੍ਰੰਤੂ ਹਾਨੀ ਦੇ ਨਹੀਂ ਅਪਣਾਇਆ ਜਾ ਸਕਦਾ ਹੈ। ਇਨ੍ਹਾਂ ਨੂੰ ਜਿਉਂ ਦਾ ਤਿਉਂ ਗ੍ਰਹਿਣ ਕਰਨਾ ਮੁਸਕਿਨ ਨਹੀਂ।*

***2.5.4.5 ਮੂਰਤ ਅਤੇ ਅਮੂਰਤ*** *: ਸੱਭਿਅਤਾ ਮੂਰਤ ਹੈ ਕਿਉਂਕਿ ਇਸ ਵਿਚ ਬਾਹਰੀ ਵਸਤਾਂ ਸ਼ਾਮਿਲ ਹੁੰਦੀਆਂ ਹਨ। ਇਹ ਉਹ ਸਾਧਨ ਹੈ ਜਿਸ ਰਾਹੀਂ ਸਭਿਆਚਾਰ ਦਾ ਪ੍ਰਗਟਾਵਾ ਹੁੰਦਾ ਹੈ। ਪ੍ਰੰਤੂ ਇਸਦੇ ਉਲਟ ਸਭਿਆਚਾਰ ਅਮੂਰਤ ਹੈ ਕਿਉਂਕਿ ਇਸਦਾ ਸੰਬੰਧ ਸਾਡੇ ਅੰਦਰੂਨੀ ਵਿਚਾਰਾਂ, ਆਦਰਸ਼ਾਂ, ਕਦਰਾਂ- ਕੀਮਤਾਂ ਆਦਿ ਨਾਲ ਹੈ। ਸਭਿਆਚਾਰ ਉਦੇਸ਼ ਜਾਂ ਲਖਸ਼ ਨਾਲ ਸੰਬੰਧਿਤ ਹੈ ਇਹ ਅੰਦਰੂਨੀ ਅਤੇ ਜੈਵਿਕ ਹੈ। ਅਸੀਂ ਇਨ੍ਹਾਂ ਦੋਵਾਂ ਦੀ ਤੁਲਨਾ ਸਰੀਰ ਅਤੇ ਆਤਮਾ ਦੇ ਤੌਰ ਤੇ ਕਰ ਸਕਦੇ ਹਾਂ। ਸੱਭਿਅਤਾ ਸਰੀਰ ਹੈ ਅਤੇ ਸਭਿਆਚਾਰ ਆਤਮਾ ਹੈ। ਮੈਕਾਈਵਰ ਤੇ ਪੇਜ਼ ਨੇ ਇਸ ਭੇਦ ਨੂੰ ਸਪਸ਼ਟ ਕਰਦੇ ਹੋਏ ਕਿਹਾ ਹੈ ਕਿ, "ਜੋ ਕੁਝ ਸਾਡੇ ਕੋਲ ਹੈ ਉਹ ਸੱਭਿਅਤਾ ਹੈ ਅਤੇ ਜੋ ਕੁਝ ਅਸੀਂ ਹਾਂ ਸਭਿਆਚਾਰ ਹੈ।"*

*ਸੱਭਿਅਤਾ ਅਤੇ ਸਭਿਆਚਾਰ ਦੇ ਉਪਰੋਕਤ ਦੱਸੇ ਭੇਦਾਂ ਤੋਂ ਇਲਾਵਾ ਇਨ੍ਹਾਂ ਦੋਵਾਂ ਦੇ ਅੰਤਰ ਨੂੰ ਸਵਿੰਦਰਜੀਤ ਕੌਰ ਨੇ ਆਪਣੀ ਪੁਸਤਕ ਸਮਾਜ ਵਿਗਿਆਨ ਦੇ ਮੂਲ ਸੰਕਲਪ ਵਿਚ ਪੰਨਾ ਨੰ: 195 ਤੇ ਤਾਲਿਕਾ ਦੁਆਰਾ ਹੇਠ ਲਿਖੇ ਤਰੀਕੇ ਨਾਲ ਸਮਝਾਉਣ ਦਾ ਯਤਨ ਕੀਤਾ ਹੈ। ਇਸ ਨਾਲ ਇਹ ਵਖਰੇਵਾਂ ਸਮਝਣ ਲਈ ਆਸਾਨ ਹੋ ਜਾਂਦਾ ਹੈ।*

| ਸੱਭਿਅਤਾ | ਸਭਿਆਚਾਰ |
|---|---|
| 1. ਸੱਭਿਅਤਾ ਬਾਹਰੀ ਹੈ। | 1. ਸਭਿਆਚਾਰ ਅੰਤਰਿਕ ਹੈ। |
| 2. ਸੱਭਿਅਤਾ ਸਾਧਨ ਹੈ। | 2. ਸਭਿਆਚਾਰ ਲਖਸ਼ ਹੈ। |
| 3. ਸੱਭਿਅਤਾ ਦੇ ਨਿਸ਼ਚਿਤ ਮਾਪਦੰਡ ਹੁੰਦੇ ਹਨ। ਹੁੰਦੇ। | 3. ਸਭਿਆਚਾਰ ਦੇ ਨਿਸ਼ਚਿਤ ਮਾਪਦੰਡ ਨਹੀਂ |
| 4. ਸਭਿਅਤਾ ਹਮੇਸ਼ਾਂ ਉੱਨਤੀ ਕਰਦੀ ਹੈ। | 4. ਸਭਿਆਚਾਰ ਉੱਨਤੀ ਨਹੀਂ ਕਰਦੀ। |
| 5. ਸੱਭਿਅਤਾ ਮੂਰਤ ਹੈ। | 5. ਸਭਿਆਚਾਰ ਅਮੂਰਤ ਹੈ। |
| 6. ਸੱਭਿਅਤਾ ਬਿਨਾਂ ਯਤਨ ਪ੍ਰਸਾਰਿਤ ਹੁੰਦੀ ਹੈ। | 6. ਸਭਿਆਚਾਰ ਬਿਨਾਂ ਯਤਨ ਪ੍ਰਸਾਰਿਤ ਨਹੀਂ ਹੁੰਦੀ। |
| 7. ਸੱਭਿਅਤਾ ਦੇ ਗ੍ਰਹਿਣ ਵਿਚ ਪਰਿਵਰਤਨ ਨਹੀਂ ਹੋ ਹੁੰਦੇ। | 7. ਸਭਿਆਚਾਰ ਦੇ ਗ੍ਰਹਿਣ ਕਰਨ ਵਿਚ ਪਰਿਵਰਤਨ ਜਾਂਦਾ ਹੈ। |
| 8. ਸੱਭਿਅਤਾ ਦਾ ਮੂਲ-ਨਿਰਧਾਰਿਤ ਕੀਤਾ ਜਾ ਸਕਦਾ ਹੋ ਹੈ। | 8. ਸਭਿਆਚਾਰ ਦੇ ਗ੍ਰਹਿਣ ਕਰਲ ਵਿਚ ਪਰਿਵਰਤਨ ਜਾਂਦਾ ਹੈ। |
| 9. ਸੱਭਿਅਤਾ ਵਿਚ ਥੋੜੀ ਪ੍ਰਤਿਭਾ ਵਾਲੇ ਤਰੱਕੀ ਕਰ ਨਹੀਂ ਸਕਦੇ ਹਨ। | 9. ਸਭਿਆਚਾਰ ਵਿਚ ਥੋੜ੍ਹੀ ਪ੍ਰਤਿਭਾ ਵਾਲੇ ਤਰੱਕੀ ਕਰ ਸਕਦੇ। |
| 10. ਸੱਭਿਅਤਾ ਆਸਾਨੀ ਨਾਲ ਸਥਾਨ ਪਰਿਵਰਤਨ ਕਰ ਸਕਦੀ ਹੈ। | 10. ਸਭਿਆਚਾਰ ਆਸਾਨੀ ਨਾਲ ਸਥਾਨ ਪਰਿਵਰਤਨ ਨਹੀਂ ਕਰ ਸਕਦੀ। |
| 11. ਸੱਭਿਅਤਾ ਸਰੀਰਕ ਸੁੱਖ ਪ੍ਰਦਾਨ ਕਰਦੀ ਹੈ। | 11. ਸਭਿਆਚਾਰ ਮਾਨਸਿਕ ਅਤੇ ਅਧਿਆਤਮਕ ਸੁੱਖ ਪ੍ਰਦਾਨ ਕਰਦੀ ਹੈ। |
| 12. ਸੱਭਿਅਤਾ ਦਾ ਪੀੜ੍ਹੀ ਦਰ ਪੀੜ੍ਹੀ ਸੰਚਾਰ ਹੋਣਾ ਜ਼ਰੂਰੀ ਨਹੀਂ। | 12. ਸਭਿਅਤਾ ਦਾ ਪੀੜ੍ਹੀ ਦਰ ਪੀੜ੍ਹੀ ਸੰਚਾਰ ਹੋਣਾ ਜ਼ਰੂਰੀ ਹੈ। |

## ਆਪਣਾ ਗਿਆਨ ਪਰਖੋ

(ੳ) ਸਭਿਅਤਾ ਨੂੰ ਆਪਣੇ ਸ਼ਬਦਾ ਵਿਚ ਬਿਆਨ ਕਰੋ।

(ਅ) ਸਭਿਅਤਾ ਤੇ ਸਭਿਆਚਾਰ ਵਿਚ ਭੇਦ ਸਿੱਧ ਕਰੋ।

(ੲ) ਸਭਿਅਤਾ ਅਤੇ ਸਭਿਆਚਾਰ ਵਿਚੋਂ ਕਿਹੜੀ ਮੂਰਤ ਤੇ ਕਿਹੜੀ ਅਮੂਰਤ ਹੈ ?

### 2.5.5 ਸਾਰ

ਉਪਰੋਕਤ ਚਰਚਾ ਤੋਂ ਅਸੀਂ ਇਸ ਸਿੱਟੇ ਤੇ ਪਹੁੰਚਦੇ ਹਾਂ ਕਿ ਸਭਿਅਤਾ ਅਤੇ ਸਭਿਆਚਾਰ ਵਿਚ ਗੂੜ੍ਹਾ ਸੰਬੰਧ ਹੈ। ਸਭਿਅਤਾ ਸਭਿਆਚਾਰ ਦਾ ਹੀ ਵਿਕਸਿਤ ਰੂਪ ਹੈ। ਭਾਵੇਂ ਸਭਿਆਚਾਰ ਵਿਚ ਭੌਤਿਕ ਅਤੇ ਅਭੌਤਿਕ ਦੋਵੇ ਕਿਸਮ ਦੀਆਂ ਵਸਤਾਂ ਆ ਜਾਂਦੀਆਂ ਹਨ ਪ੍ਰੰਤੂ ਮੈਕਾਈਵਰ ਅਤੇ ਪੇਜ਼ ਨੇ ਮਨੁੱਖ ਦੁਆਰਾ ਨਿਰਮਾਣਿਤ ਭੌਤਿਕ ਵਸਤਾਂ ਨੂੰ ਸੱਭਿਅਤਾ ਦਾ ਨਾਂ ਦਿੱਤਾ ਹੈ। ਬੇਸ਼ਕ ਇਨ੍ਹਾਂ ਦੋਵੇਂ ਸੰਕਲਪਾਂ ਵਿਚ ਉਪਰੀ ਅੰਤਰ ਘੱਟ ਹੀ ਨਜ਼ਰ ਆਉਂਦਾ ਹੈ ਪ੍ਰੰਤੂ ਫਿਰ ਵੀ ਸਮਾਜ ਵਿਗਿਆਨੀਆਂ ਨੇ ਇਨ੍ਹਾਂ ਵਿਚ ਕਈ ਤਰ੍ਹਾਂ ਦੇ ਅੰਤਰ ਦਰਸਾਉਣ ਦੀ ਕੋਸ਼ਿਸ਼ ਕੀਤੀ ਹੈ। ਇਨ੍ਹਾਂ ਅੰਤਰਾਂ ਦੇ ਬਾਵਜੂਦ ਵੀ ਸਭਿਅਤਾ ਅਤੇ ਸਭਿਆਚਾਰ ਵਿਚ ਅੰਤਰ ਨਿਰਭਰਤਾ ਹੈ। ਆਖਿਰ ਵਿਚ ਅਸੀਂ ਕਹਿ ਸਕਦੇ ਹਾਂ ਕਿ ਸਭਿਆਚਾਰ ਸੱਭ ਵਿਅਕਤੀਆਂ ਕੋਲ ਹੈ ਜਿਵੇਂ ਉਨ੍ਹਾਂ ਦਾ ਧਰਮ, ਕਲਾ, ਆਵਾਜਾਈ ਦੇ ਸਾਧਨ, ਗਿਆਨ ਵਿਸ਼ਵਾਸ਼ ਆਦਿ ਪ੍ਰੰਤੂ ਸਭਿਅਤਾ ਹਰੇਕ ਵਿਅਕਤੀ ਕੋਲ ਨਹੀਂ ਹੈ। ਪ੍ਰੰਤੂ ਇਹ ਦੋਵੇਂ ਅੰਤਰ ਨਿਰਭਰ ਵੀ ਹਨ ਅਤੇ ਅੰਤਰ ਕਿਰਿਆਤਮਕ ਵੀ ਜਿਵੇਂ ਅਸੀਂ ਵੇਖਦੇ ਹਾਂ ਕਿ ਫਿਲਮਾਂ ਦਾ ਅਸਰ ਲੋਕਾਂ ਦੀ ਸੋਚ-ਸਮਝ ਅਤੇ ਆਚਰਣ ਤੇ ਵੀ ਪੈਂਦਾ ਹੈ। ਹਰੇਕ ਯੁੱਗ ਵਿਚ ਹਰੇਕ ਸਮਾਜ ਦੀਆਂ ਆਪਣੀਆਂ ਕਦਰਾਂ ਕੀਮਤਾਂ, ਆਦਰਸ਼, ਮੁੱਲ ਤੇ ਗਿਆਨ ਹੁੰਦਾ ਹੈ ਜੋ ਸਭਿਅਤਾ ਨਾਲੋਂ ਅਲੱਗ ਜਾਂ ਉਪਰ ਨਹੀਂ ਹੁੰਦਾ। ਮੈਕਾਈਵਰ ਦਾ ਮੰਨਣਾ ਹੈ ਕਿ ਸਭਿਅਤਾ ਸਭਿਆਚਾਰ ਦਾ ਵਾਹਨ ਹੈ। ਸਾਡੇ ਗਿਆਨ, ਕਲਾ, ਨੈਤਿਕਤਾ, ਵਿਸ਼ਵਾਸ ਕਦਰਾਂ ਕੀਮਤਾਂ ਆਦਿ ਦਾ ਰੂਪਾਂਤਰਨ ਅਤੇ ਪ੍ਰਸਾਰਨ ਸਭਿਅਤਾ ਦੁਆਰਾ ਹੀ ਹੋ ਰਿਹਾ ਹੈ। ਸੰਖੇਪ ਵਿਚ ਕਿਹਾ ਜਾ ਸਕਦਾ ਹੈ ਕਿ ਸਭਿਅਤਾ ਸਮਾਜ ਨੂੰ ਚਲਾਉਣ ਵਾਲੀ ਸ਼ਕਤੀ ਹੈ ਜਦੋਂ ਕਿ ਸਭਿਆਚਾਰ ਸੇਧ ਦੇਣ ਦਾ ਕੰਮ ਕਰਦੀ ਹੈ ਭਾਵ ਇਹ ਦਿਸ਼ਾਵਾਹਕ ਹੈ।

### 2.5.6 ਮੁੱਖ ਸ਼ਬਦ

**ਸਭਿਅਤਾ** : ਸਭਿਆਚਾਰ ਦਾ ਪਦਾਰਥਕ ਰੂਪ ਜੋ ਬਹੁਤ ਹੀ ਜਟਿਲ ਅਤੇ ਵਿਕਸਿਤ ਹੁੰਦਾ ਹੈ। ਉਸਨੂੰ ਸਭਿਅਤਾ ਕਹਿੰਦੇ ਹਨ।

**ਮੂਰਤ** : ਠੋਸ ਤੇ ਪਦਾਰਥਕ ਵਸਤਾਂ ਜਿਨ੍ਹਾ ਨੂੰ ਛੂਹਿਆਂ ਜਾ ਸਕੇ।

**ਅਮੂਰਤ** : ਉਹ ਵਸਤਾਂ ਜੋ ਪ੍ਰਤੱਖ ਨਹੀਂ ਜਿਨ੍ਹਾਂ ਨੂੰ ਸਿਰਫ਼ ਮਹਿਸੂਸ ਕੀਤਾ ਜਾ ਸਕਦਾ ਹੈ ਜਿਵੇਂ ਸਾਡੇ ਵਿਚਾਰ ਕਦਰਾਂ, ਕੀਮਤਾਂ, ਨੈਤਿਕਤਾਂ, ਆਦਰਸ਼ ਆਦਿ।

### 2.5.7 ਅਭਿਆਸ ਲਈ ਪ੍ਰਸ਼ਨ

#### ਵੱਡੇ ਪ੍ਰਸ਼ਨ

1. ਸਭਿਆਚਾਰ ਅਤੇ ਸਭਿਅਤਾ ਨੂੰ ਪਰਿਭਾਸ਼ਿਤ ਕਰਦੇ ਹੋਏ ਦੋਹਾਂ ਦੇ ਭੇਦ ਸਪਸ਼ਟ ਕਰੋ।
2. ਸਭਿਆਚਾਰ ਉਹ ਹੈ ਜੋ ਅਸੀਂ ਹਾਂ ਸਭਿਅਤਾ ਉਹ ਹੈ ਜੋ ਸਾਡੇ ਕੋਲ ਹੈ, "ਇਸ ਕਥਨ ਦੀ ਵਿਆਖਿਆ ਕਰੋ।"
3. ਸਭਿਅਤਾ ਨੂੰ ਬਿਆਨ ਕਰਦੇ ਹੋਏ ਇਸ ਦੀਆਂ ਵਿਸ਼ੇਸ਼ਤਾਈਆਂ ਤੇ ਰੋਸ਼ਨੀ ਪਾਓ।

#### ਸੰਖੇਪ ਪ੍ਰਸ਼ਨ

(ੳ) ਸਭਿਆਚਾਰ ਨੂੰ ਪਰਿਭਾਸ਼ਿਤ ਕਰੋ।

(ਅ) ਸਭਿਅਤਾ ਕਿਸਨੂੰ ਆਖਦੇ ਹਨ।

(ੲ) ਸਭਿਅਤਾ ਦੀਆਂ ਕੋਈ ਚਾਰ ਵਿਸ਼ੇਸ਼ਤਾਈਆਂ ਲਿਖੋ।

(ਸ) ਸਭਿਅਤਾ ਅਤੇ ਸਭਿਆਚਾਰ ਦੇ ਕੋਈ ਚਾਰ ਅੰਤਰ ਲਿਖੋ।

### 2.5.8 ਉਪਯੋਗੀ ਪੁਸਤਕਾਂ


ਸੋਸ਼ਾਇਟੀ : ਮੈਕਾਈਵਰ ਐਂਡ ਪੇਜ਼

ਡਿਕਸ਼ਨਰੀ ਆਫ਼ ਸੋਸਿਔਲੋਜੀ : ਐਚ. ਐਫ. ਫੇਅਰਚਾਈਲਡ

ਕਲਚਰਲ ਸੋਸਿਔਲੋਜੀ : ਗਿਲਨ ਐਂਡ ਗਿਲਨ

ਸਮਾਜ ਵਿਗਿਆਨ ਦੇ ਮੂਲ ਸੰਕਲਪ : ਸਵਿੰਦਰਜੀਤ ਕੌਰ

# Mandatory Student Feedback Form

https://forms.gle/KS5CLhvpwrpgjwN98

Note: Students, kindly click this google form link, and fill this feedback form once.